SATJUG
1920 ਤੋਂ ਸਾਲ 98 ਵਾਂ

Price:Rs.5/-

# ਸਤਜੁਗ

ਸਤਜੁਗਿ ਸਚੁ ਕਹੈ ਸਭੁ ਕੋਈ॥

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ

੧੬ ਤੋਂ ੩੦ ਕੱਤਕ ੨੦੭੫
1 To 15 Nov. 2018

ਜਿਲਦ 26
ਨੰਬਰ 25
Total Pages 48

## ਬੰਦੀ-ਛੋੜ ਦਿਵਸ ਅਤੇ ਦੀਵਾਲੀ-ਪੁਰਬ ਦੀਆਂ ਵਧਾਈਆਂ।

ਸ੍ਰੀ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਕਿਲ੍ਹੇ 'ਚੋਂ 52 ਰਾਜਿਆਂ ਨੂੰ ਮੁਕਤ ਕਰਵਾਉਂਦੇ ਹੋਏ।



ਸਤਿਗੁਰ ਬੰਦੀਛੋੜੁ ਹੈ ਜੀਵਣ ਮੁਕਤਿ ਕਰੈ ਓਡੀਣਾ।
ਗੁਰਮੁਖਿ ਮਨ ਅਪਤੀਜੁ ਪਤੀਣਾ। -ਭਾਈ ਗੁਰਦਾਸ ਜੀ



27 ਅਕਤੂਬਰ 2018 ਬੰਕੋਕ ਪੁੱਜਣ ਤੇ ਸ੍ਰੀ ਸਤਿਗੁਰੂ ਜੀ
ਦਾ  ਮਾਲਾ ਕਰਕੇ ਸਵਾਗਤ।



28 ਅਕਤੂਬਰ 2018 ਬੰਕੋਕ, ਸੁਆਇ ਅਸ਼ੋਕ
ਨਾਮਧਾਰੀ ਗੁਰਦੁਆਰਾ-ਭੋਗ ਗਿਆਨੀ ਸੰਤੋਖ ਸਿੰਘ ਜੀ।



28 ਅਕਤੂਬਰ 2018 ਬੰਕੋਕ ਸ੍ਰੀ ਸਤਿਗੁਰੂ ਜੀ ਗਿਆਨੀ
ਸੰਤੋਖ ਸਿੰਘ ਜੀ ਦੇ ਭੋਗ ਸਮੇਂ ਉਹਨਾਂ ਦੇ ਸਪੁੱਤਰ
ਸੇਠ ਮਹਿਤਾਬ ਸਿੰਘ ਨੂੰ ਦਸਤਾਰ ਸਜਾਉਂਦੇ ਹੋਏ।



28 ਅਕਤੂਬਰ 2018 ਬੰਕੋਕ ਸ੍ਰੀ ਸਤਿਗੁਰੂ ਜੀ ਸੇਠ
ਮਹਿਤਾਬ ਸਿੰਘ ਨੂੰ ਮਾਲਾ ਬਖ਼ਸ਼ ਕੇ ਨਿਵਾਜਦੇ ਹੋਏ।



28 ਅਕਤੂਬਰ 2018 ਬੰਕੋਕ ਗਿਆਨੀ ਜੀ ਦੀਆਂ
ਸਪੁੱਤਰੀਆਂ ਬੀਬੀ ਬਲਬੀਰ ਕੌਰ ਅਤੇ ਰਾਜਪਾਲ ਕੌਰ।



31 ਅਕਤੂਬਰ 2018 ਬੰਕੋਕ-ਡੇਰੇ, ਸ੍ਰੀ ਸਤਿਗੁਰੂ ਜੀ ਦੇ
ਚਰਨਾ 'ਚ- ਮਹਿਤਾਬਸਿੰਘ, ਕੰਵਲਜੀਤ ਕੌਰ,
ਮੰਗਲ ਸਿੰਘ, ਮਹਿਲ ਸਿੰਘ, ਨੂਹਾਂ, ਪੋਤਰੇ ਆਦਿ।।

# ਸਤਿਜੁਗ

੧੬ ਤੋਂ ੩੦ ਕੱਤਕ ੨੦੭੫ ਬਿ੍.
1 ਤੋਂ 15 ਨਵੰਬਰ 2018 ਈ:
ਜਿਲਦ 26, ਵੀਰਵਾਰ ਨੰਬਰ 25

**ਸਤਿਜੁਗ**:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015

Editorial Board:

*Harvinder Singh Hanspal*
*Suwarn Singh Virk*
*Gurbhej Singh Guraya*
*Nishan Singh*
*Harpal Singh Sewak*

***Printed and Published by***
***Mr. Harvendra Singh Hanspal***
***on behalf of Namdhari Darbar.***
***Printed at Summit advertising press,***
***2DLF (Part), Moti Nagar, New Delhi***
***and Published from Namdhari Gurdwara,***
***Ramesh Nagar, New Delhi-110015.***

**Date of Publication: 14-11-2018,**
**Date of Posting: 15-16 Nov. 2018**
**Posted at PSO New Delhi-110001**

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

**Account Name: Vishav Namdhari Sangat**
**A/c: 13101450000043**
**Ifsc code: HDFC0001310**

ਇਕ ਸਾਲ : ਦੇਸ - 300 ਰੁ:, ਪ੍ਰਦੇਸ- 100$ ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 400$ ਡਾਲਰ

**Designed and Typeset**
**Vishav Namdhari sangat, Sri Bhaini sahib**
satjug@sribhainisahib.com

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099,
70713-63000

ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ,
ਨਵੀਂ ਦਿੱਲੀ-110015

# ਤਤਕਰਾ

* ਸੰਪਾਦਕੀ-- ਧਰਮ, ਤਿਉਹਾਰ ਅਤੇ ਪ੍ਰਸ਼ਾਸਨ......
ਸੇਵਕ ਹਰਪਾਲ ਸਿੰਘ....................................4

* ਹੁਕਮਨਾਮਾ : ਸ੍ਰੀ ਸਤਿਗੁਰੂ ਰਾਮ ਸਿੰਘ ਜੀ......................6

* ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ............................6

* ਗੁਰੂ ਜੀ ਤੇ ਜਹਾਂਗੀਰ
ਪ੍ਰੋ.ਕਰਤਾਰ ਸਿੰਘ ਐਮ.ਏ...............................9

* ਨਾਮਧਾਰੀ ਲਹਿਰ ਇਕ ਸਮਾਜ....
ਡਾ.ਹਰਵਿੰਦਰ ਸਿੰਘ ਭੱਟੀ.............................11

* ਥੋੜਾ ਕੁ ਜ਼ਹਿਰ.....(ਕਹਾਣੀ)
ਰਾਮ ਲਾਲਾ.............................................16

* *Remembering The Lord*
*'Discorses' Sri Satguru Jagjit Singh ji ............20*

* *A Saga Of Sri Satguru Jagjit Singh ji*
*Dr. Sharada Jayagovind................................22*

* Sports
*Navjot kaur ....................................................24*

* Intellect gets Sanctified
*Ajmer Singh......................................................25*

* ਕਾਵਿ ਕਿਆਰੀ ................................................28

* ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ........ਸਿਆਮ ਦੌਰੇ
ਸੰਤ ਇਕਬਾਲ ਸਿੰਘ ਮਨਚੰਦਾ...........30

* ਅੜਬੰਗੀ (ਨਾਵਲ)
ਸੰਤ ਇੰਦਰ ਸਿੰਘ ਚੱਕ੍ਰਵਰਤੀ........................32

* ਸੁੱਚੇ ਮੋਤੀ ......................................................35

* ਬੱਚਿਆਂ ਦਾ ਪੰਨਾ................................................36

* ਖ਼ਬਰਨਾਮਾ........................................................37

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ
ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ। ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 203

# ਧਰਮ, ਤਿਉਹਾਰ ਅਤੇ ਪ੍ਰਸ਼ਾਸਨ
## ਅੰਮ੍ਰਿਤਸਰ ਦੁਸਹਿਰਾ ਦੁਖਦਾਈ ਕਾਂਡ ਵਰਗਾ ਹਾਦਸਾ..... ਫੇਰ ਨਾ ਵਾਪਰੇ......

ਅੰਮ੍ਰਿਤਸਰ ਦੁਸਹਿਰਾ ਪੁਰਬ ਸਮੇਂ ਜੋ ਭਿਆਨਕ ਹਾਦਸਾ ਵਾਪਰਿਆ, ਰੇਲ ਟ੍ਰੈਕ ਤੇ ਖੜੀ ਭੀੜ ਜੋ ਅਣਭੋਲ ਹੀ ਦੁਸਹਿਰਾ ਵੇਖ ਰਹੀ ਸੀ, ਅਚਨਚੇਤ ਹੀ ਰੇਲ ਆ ਚੜ੍ਹੀ, ਸੈਕਿੰਡਾਂ ਵਿਚ ਹੀ ਸੌ ਦੇ ਕਰੀਬ ਬੱਚੇ, ਬੁੱਢੇ, ਜਵਾਨ ਕੱਟੇ-ਵੱਢੇ ਗਏ, ਮੌਤ ਦਾ ਤਾਂਡਵ ਨਾਚ, ਹੱਸਦਿਆਂ, ਖੇਡਦਿਆਂ ਦੇ ਸੱਥਰ ਵਿੱਛ ਗਏ, ਉਸ ਤੋਂ ਵੀ ਬੁਰੀ ਹਾਲਤ ਉਨ੍ਹਾਂ ਵਿਚਾਰਿਆਂ ਦੀ ਜਿਨ੍ਹਾਂ ਦੇ ਅੰਗ ਕੱਟੇ ਗਏ, ਜਿੰਦਗੀ ਭਰ ਲਈ ਅਪਾਹਜ ਹੋ ਗਏ। ਪਰ ਅਜੇਹਾ ਕਾਂਡ ਕੋਈ ਪਹਿਲਾ ਨਹੀਂ, ਦੀਵਾਲੀ, ਦੁਸਹਿਰੇ ਸਮੇਂ ਕਦੇ ਕਿਸੇ ਮੰਦਰ ਵਿਚ ਇਕੱਠੇ ਕੀਤੇ ਪਟਾਕਿਆਂ ਦੇ ਭੰਡਾਰ ਨੂੰ ਅੱਗ ਲੱਗ ਗਈ, ਅਨੇਕਾਂ ਲੋਕ ਅੱਗ ਵਿਚ ਝੁਲਸ ਗਏ। ਕਦੇ ਕਿਸੇ ਮਾਰਕੀਟ ਵਿਚ ਪਟਾਕਿਆਂ ਨੂੰ ਅੱਗ ਲੱਗ ਗਈ, ਕਦੇ ਆਤਿਸ਼ਬਾਜ਼ੀ ਨਾਲ ਕਿਤੇ ਭਿਆਨਕ ਅਗਨੀ ਕਾਂਡ ਵਾਪਰ ਗਿਆ। ਕਦੇ ਕਿਸੇ ਤੀਰਥ ਅਸਥਾਨ ਤੇ ਕਿਸੇ ਸ਼ਰਾਰਤੀ ਵੱਲੋਂ ਫੈਲਾਈ ਅਫ਼ਵਾਹ ਕਾਰਣ ਭਗਦੜ ਮੱਚ ਗਈ, ਸੈਂਕੜੇ ਲੋਕ ਭੀੜ ਦੇ ਪੈਰਾਂ ਹੇਠ ਕੁਚਲੇ ਗਏ। ਦੀਵਾਲੀ ਸਮੇਂ ਦੀਆਂ ਹਰ ਵਰ੍ਹੇ ਦੀਆਂ ਅਖਬਾਰਾਂ ਵੇਖ ਲਈਏ, ਕਰੋੜਾਂ ਦੀ ਧਨ ਸੰਪਤੀ ਨਸ਼ਟ ਅਤੇ ਸੈਂਕੜੇ ਹਜ਼ਾਰਾਂ ਮੌਤਾਂ..... ਕੀ ਲੋਕ ਜਾਂ ਪ੍ਰਸ਼ਾਸਨ ਕਦੇ ਸੁਚੇਤ ਹੁੰਦਾ ਹੈ ਕਿ ਮੁੜ ਨਾ ਅਜਿਹੇ ਹਾਦਸੇ ਵਾਪਰਨ।

ਸਾਡੇ ਭਾਰਤ ਵਿਚ ਬਹੁਤ ਸਾਰੇ ਤਿਉਹਾਰ, ਧਰਮ ਨਾਲ, ਆਸਥਾ ਨਾਲ, ਜਾਂ ਰੱਬ ਦੇ ਨਾਮ ਨਾਲ ਜੁੜੇ ਹੋਏ ਹਨ। ਪਰ ਕਿਸ ਢੰਗ ਨਾਲ ਅਸੀਂ ਇਹ ਤਿਉਹਾਰ ਮਨਾ ਰਹੇ ਹਾਂ, ਇਸਦਾ ਧਰਮ ਨਾਲ ਕਿਤੇ ਦੂਰ ਦਾ ਵੀ ਕੋਈ ਵਾਸਤਾ ਨਹੀਂ। ਸਗੋਂ ਧਰਮ ਨੂੰ ਬਦਨਾਮ ਕਰਨ ਵਿਚ, ਅਧਰਮ ਨੂੰ ਫੈਲਾਉਣ ਵਿਚ ਸਾਡਾ ਧਰਮੀਂ ਲੋਕਾਂ ਦਾ ਵੱਡਾ ਯੋਗਦਾਨ ਹੈ। (ਬਹੁਤ ਸਾਰੇ ਧਾਰਮਿਕ ਆਗੂ ਵੀ ਪ੍ਰਚਲਿਤ ਰਸਮਾਂ ਨੂੰ ਜਾਂ ਕਹਿ ਲਈਏ ਕਿ ਕੁਰੀਤੀਆਂ ਨੂੰ ਜਿਉਂ ਦਾ ਤਿਉਂ ਅਪਨਾ ਰਹੇ ਹਨ। ਜਾਂ ਕੁਝ ਮੌਨ ਰਹਿੰਦੇ ਹਨ। ਸਾਡੇ ਸ਼ੰਕਰਾਚਾਰਿਯ, ਮਹਾਂ ਮੁਨੀ, ਸੁਆਮੀ, ਸਾਧੂ-ਸੰਤ, ਜਾਂ ਸਿੰਘ ਸਾਹਿਬ ਵੀ ਕਦੇ ਕੋਈ ਕ੍ਰਾਂਤੀਕਾਰੀ ਫਰਮਾਣ ਜਾਰੀ ਨਹੀਂ ਕਰਦੇ ਕਿ ਇਹ ਰਸਮਾਂ ਧਰਮ ਵਿਰੋਧੀ ਹਨ। ਜੋ ਅਸੀਂ ਵੇਖ ਰਹੇ ਹਾਂ, ਬਹੁਤ ਹੱਦ ਤੱਕ ਧਰਮ ਦਾ ਵਿਗੜਿਆ ਰੂਪ ਪ੍ਰਚਲਿਤ ਹੈ। ਧਰਮ ਜਿਸਨੇ ਬੰਧਨ ਮੁਕਤ ਕਰਨਾ ਸੀ ਉਹੀ ਧਰਮ ਸਮਾਜ ਲਈ ਇਕ ਉਲਝਣ ਬਣਿਆ ਹੋਇਆ ਹੈ। ਇਹੋ ਕਾਰਣ ਹੈ ਕਿ ਨਵੀਂ ਪੀੜੀ ਧਰਮ ਤੋਂ ਮੁੱਖ ਮੋੜ ਰਹੀ ਹੈ। ਅੱਜ ਸਮੇਂ ਦੀ ਲੋੜ ਹੈ ਕਿ ਧਰਮ ਦੇ ਸ਼ੁੱਧ ਸਰੂਪ ਨੂੰ ਅਸਲੀ ਰੂਪ ਵਿੱਚ ਸਮਾਜ ਦੇ ਸਾਮ੍ਹਣੇ ਪੇਸ਼ ਕੀਤਾ ਜਾਵੇ। ਧਰਮ ਕਲਿਆਣਕਾਰੀ ਹੋਵੇ ਨਾ ਕਿ ਇਹ ਇੱਕ ਉਲਝਣ ਜਾਂ ਇਕ ਸਮੱਸਿਆ ਹੋਵੇ। ਸਭ ਤੋਂ ਪਹਿਲਾਂ ਤਾਂ ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਧਰਮ ਦਾ ਮੂਲ ਸਿਧਾਂਤ ਕੀ ਹੈ? ਸਮਾਜ ਸਿਰਜਣ ਵਿੱਚ ਧਰਮ ਦਾ ਕੀ ਯੋਗਦਾਨ ਹੋਣਾ ਚਾਹੀਦਾ ਹੈ? ਫੇਰ ਵਿਚਾਰੀਏ ਕਿ ਅਸੀਂ ਕਿਸੇ ਰੂਪ ਵਿੱਚ ਵੀ ਧਰਮਾਂ ਨੂੰ ਮੰਨਣ ਵਾਲੇ ਕਰ ਕੀ ਰਹੇ ਹਾਂ? ਨਿਰਪੱਖ ਅਤੇ ਸੁਤੰਤਰ ਸੋਚ ਵਿਚਾਰ ਤੋਂ ਬਾਦ ਅਸੀਂ ਇਸ ਸਿੱਟੇ ਤੇ ਹੀ ਪੁਜਾਂਗੇ ਕਿ ਧਰਮ ਦੇ ਨਾਮ ਤੇ ਪ੍ਰਚਲਿਤ ਕਰਮ-ਕਾਂਡਾਂ ਦਾ, ਰਸਮਾਂ ਦਾ, ਧਰਮ ਨਾਲ ਕਿਤੇ ਦੂਰ ਦਾ ਵੀ ਰਿਸ਼ਤਾ ਨਹੀਂ।

ਧਰਮ ਦਾ ਸੰਖੇਪ ਭਾਵ ਹੈ- 'ਪਵਿੱਤਰ ਫਰਜ਼'! ਸੱਚ ਦੇ ਧਾਰਣੀ ਹੋਣਾ, ਨੇਕ ਅਤੇ ਪਰਉਪਕਾਰੀ ਮਨੁੱਖ ਨੂੰ ਹੀ ਧਰਮੀਂ ਪੁਰਸ਼ ਕਿਹਾ ਜਾ ਸਕਦਾ ਹੈ। ਸਤਿਗੁਰੂ ਅਰਜਨ ਦੇਵ ਜੀ ਬਿਲਕੁਲ ਨਹੀਂ ਆਖਦੇ ਕਿ ਕੋਈ ਵਿਸ਼ੇਸ਼ ਧਰਮ ਜਾਂ ਸੰਪ੍ਰਦਾਇ ਹੀ ਸਭ ਤੋਂ ਸ੍ਰੇਸਟ ਹੈ, ਸਿੱਖ ਧਰਮ, ਹਿੰਦੂ ਜਾਂ ਮੁਸਲਮਾਨ ਧਰਮ ਹੀ ਸ੍ਰੇਸਟ ਹੈ। ਆਪ ਫੁਰਮਾਉਂਦੇ ਹਨ—

ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥

ਭਗਵਾਨ ਦਾ, ਅੱਲ੍ਹਾ ਦਾ ਨਾਮ ਜਪਣਾ ਅਤੇ ਨਿਰਮਲ ਕਰਮ ਕਰਨੇ ਹੀ ਸਭ ਤੋਂ ਸ੍ਰੇਸਟ ਧਰਮ ਹੈ। ਨਿਰਮਲ ਕਰਮ ਭਾਵ ਜਿਨ੍ਹਾਂ ਕਰਮਾਂ ਵਿੱਚ ਨਿਰਮਲਤਾ ਹੈ, ਕੋਮਲਤਾ, ਸੰਵੇਦਨਸ਼ੀਲਤਾ ਅਤੇ ਪਰਉਪਕਾਰ ਦੀ ਭਾਵਨਾ ਹੋਵੇ। ਹਉਮੈ, ਲੋਭ, ਸਵਾਰਥ ਅਤੇ ਕ੍ਰੋਧ ਵੱਸ ਕੀਤੇ ਕਰਮ, ਮਲੇਛ ਕਰਮ ਹਨ। ਅਸੀਂ ਤਦ ਹੀ ਧਰਮੀ ਅਖਵਾ ਸਕਦੇ ਹਾਂ ਜੇ ਅਸੀਂ ਆਪਣੇ ਮਨ 'ਚੋਂ, ਸਮਾਜ 'ਚੋਂ, ਵਿਕਾਰਾਂ ਨੂੰ ਦੂਰ ਕਰਕੇ, ਇਕ ਨੇਕ ਮਨੁੱਖ, ਇਕ ਸੁਖਦਾਈ ਸਮਾਜ ਸਿਰਜਣ ਵਿੱਚ ਕੁਝ ਯੋਗਤਾ ਪਾ ਸਕੀਏ। ਸਾਡੇ ਭਾਰਤ ਵਿੱਚ ਜੋ ਬਹੁਤ ਸਾਰੇ ਤਿਉਹਾਰ ਮਨਾਏ ਜਾਂਦੇ ਹਨ ਉਨ੍ਹਾਂ ਦਾ ਮਨੋਰਥ, ਉਸ ਤਿਉਹਾਰ ਨਾਲ ਸੰਬੰਧਿਤ ਘਟਨਾ-ਕ੍ਰਮ ਨੂੰ ਯਾਦ ਕਰਵਾਉਣਾ ਅਤੇ ਉਸ ਕਥਾ ਦੀ ਸਿੱਖਿਆ ਨੂੰ ਜੀਵਨ ਵਿੱਚ ਧਾਰਣ ਕਰਨਾ ਹੈ। ਧਰਮ ਵਿਖਾਵਾ ਨਹੀਂ ਸਿਖਾਉਂਦਾ ਸਗੋਂ ਨਿਸ਼ਕਾਮ ਭਾਵਨਾ ਨਾਲ ਕਰਮ ਕਰਨਾ ਸਿਖਾਉਂਦਾ ਹੈ। ਤਿਉਹਾਰ ਮਨਾਉਣ ਦਾ ਮਨੋਰਥ ਆਪਣੇ ਚੁਫ਼ੇਰੇ ਨੂੰ ਸਾਫ਼-ਸਵੱਛ ਕਰਨਾ ਵੀ ਹੁੰਦਾ ਹੈ। ਪਰ ਕੀ ਅਸੀਂ ਤਿਉਹਾਰ ਮਨਾਉਣ ਦੌਰਾਨ ਆਪਣੇ ਚੁਫ਼ੇਰੇ ਨੂੰ ਹੋਰ ਦੂਸ਼ਿਤ ਨਹੀਂ ਕਰ ਰਹੇ।ਸਾਡੀ ਹਉਮੈਂ ਇਸ ਹੱਦ ਤੱਕ ਵੱਧ ਗਈ ਹੈ ਕਿ ਦੁਸਹਿਰਾ ਕਮੇਟੀਆਂ ਇੱਕ ਦੂਸਰੇ ਤੋਂ ਵੱਡਾ ਰਾਵਣ ਬਣਾ ਕੇ ਫੂਕਦੀਆਂ ਹਨ। ਇਸ ਵਾਰ ਚੰਡੀਗੜ੍ਹ ਵਿੱਚ ਵੀਹ ਲੱਖ ਦਾ ਰਾਵਣ ਚਰਚਾ ਦਾ ਵਿਸ਼ਾ ਸੀ। ਦਿੱਲੀ ਵਰਗੇ ਇੱਕੋ ਸ਼ਹਿਰ ਵਿੱਚ ਰਾਵਣ, ਕੁੰਭਕਰਨ ਅਤੇ ਮੇਘਨਾਥ ਦੇ ਸੈਂਕੜੇ ਬੁੱਤ ਬਣਾ ਕੇ ਇੱਕੋ ਦਿਨ ਵਿੱਚ ਕਰੋੜਾ ਰੁਪਏ ਫੂਕ ਕੇ ਵਾਤਾਵਰਣ ਨੂੰ ਏਨਾਂ ਦੂਸ਼ਿਤ ਕਰ ਦਿੱਤਾ ਜਾਂਦਾ ਹੈ ਕਿ ਦਮੇਂ ਦੇ, ਦਿਲ ਦੇ ਮਰੀਜਾਂ ਨੂੰ ਸਾਹ ਲੈਣਾ ਔਖਾ ਹੋ ਜਾਂਦਾ ਹੈ, ਫੇਰ ਲੱਖਾਂ ਰੁਪਏ ਦਵਾਈਆਂ ਤੇ ਖਰਚਦੇ ਹਾਂ। ਪੂਰੇ ਦੇਸ਼ ਭਰ ਵਿੱਚ ਜੇ ਸਰਵੇ ਕੀਤਾ ਜਾਵੇ ਤਾਂ ਦੁਸਹਿਰੇ ਅਤੇ ਦੀਵਾਲੀ ਦੇ ਮੌਕੇ ਕੇਵਲ ਦੋ ਦਿਨਾਂ ਵਿੱਚ ਅਰਬਾਂ ਰੁਪਇਆ ਫੂਕ ਕੇ ਵਾਤਾਵਰਣ ਏਨਾਂ ਦੂਸ਼ਿਤ ਹੋ ਜਾਂਦਾ ਹੈ ਕਿ ਜਦ ਤੱਕ ਖੁੱਲ੍ਹ ਕੇ ਮੇਘ ਮਿਹਰ ਨਾ ਬਰਸੇ ਸਾਰਾ ਸਮਾਜ ਇਸ ਜ਼ਹਰੀਲੇ ਧੂਏਂ ਦਾ ਸੰਤਾਪ ਭੋਗਦਾ ਹੈ। ਹਰ ਵਰ੍ਹੇ ਦੀਵਾਲੀ ਦੇ ਮੌਕੇ ਤੇ ਕਿੰਨੇ ਹੀ ਅਗਨੀ-ਕਾਂਡ ਹੁੰਦੇ ਹਨ। ਨਾ ਕੋਈ ਧਾਰਮਿਕ ਆਗੂ, ਨਾ ਕੋਈ ਰਾਜਨੇਤਾ ਇਸ ਮੰਦਭਾਗੇ ਰਸਮੋਂ ਰਿਵਾਜ਼ ਖਿਲਾਫ਼ ਕੋਈ ਫੁਰਮਾਨ ਜ਼ਾਰੀ ਕਰਦੇ ਹਨ। ਕਿਸਾਨ ਖੇਤਾਂ ਵਿੱਚ ਪਰਾਲੀ ਸਾੜਨ ਤਾਂ ਪ੍ਰਸ਼ਾਸਨ ਰੋਕਣ ਲਈ ਆਦੇਸ਼ ਜਾਰੀ ਕਰਦਾ ਹੈ। ਪਰ ਸੈਂਕੜੇ ਰਾਵਣ ਫੂਕ ਕੇ ਸ਼ਹਿਰਾਂ ਦੇ ਵਾਤਾਵਰਣ ਨੂੰ ਹੱਦ ਤੋਂ ਵੱਧ ਜ਼ਹਰੀਲਾ ਕਰਨ ਤੋਂ ਰੋਕਣ ਲਈ ਪ੍ਰਸ਼ਾਸਨ ਬਿਲਕੁਲ ਮੌਨ ਹੈ। ਧਾਰਮਿਕ ਆਗੂ ਅਤੇ ਰਾਜਨੇਤਾ ਇਨ੍ਹਾਂ ਸਮਾਗਮਾਂ ਵਿੱਚ ਸ਼ਾਮਲ ਹੁੰਦੇ ਹਨ। ਪਰ ਕਦੇ ਵੀ ਇਕ ਸਮਾਜ ਵਿਰੋਧੀ ਵਰਤਾਰੇ ਵਿਰੁੱਧ ਕੋਈ ਬਿਆਨ ਨਹੀਂ ਦੇਂਦੇ। ਸਗੋਂ ਰਾਜਨੇਤਾ ਆਪ ਬਰੂਦ ਨਾਲ ਬਣੇ ਰਾਵਣ ਨੂੰ ਅਗਨੀ ਦੇ ਕੇ ਜ਼ਹਰੀਲੇ ਧੂੰਏ ਨਾਲ ਵਾਤਾਵਰਣ ਨੂੰ ਦੂਸ਼ਿਤ ਕਰਨ ਦੇ ਭਾਗੀਦਾਰ ਬਣਦੇ ਹਨ। ਪਰ ਜੇ ਕੋਈ ਮੰਦਭਾਗੀ ਘਟਨਾਂ ਵਾਪਰਦੀ ਹੈ ਤਾਂ ਆਪਣੀਆਂ ਸਿਆਸੀ ਰੋਟੀਆਂ ਸੇਕਦੇ ਹਨ। ਇਕ ਦੂਸਰੇ ਸਿਰ ਦੋਸ਼ ਮੜ੍ਹਦੇ ਹਨ। ਪਰ ਅਜਿਹੀਆਂ ਘਟਨਾਵਾਂ ਵਾਪਰਣ ਦੇ ਮੂਲ ਕਾਰਨਾਂ ਤੇ ਕੋਈ ਪ੍ਰਤੀਬੱਧ ਲਾਉਣ ਲਈ ਕੋਈ ਉਪਰਾਲਾ ਨਹੀਂ ਕਰਦੇ। ਜੇ ਕਿਤੇ ਕੋਈ ਬੰਦਿਸ਼ ਲਾਉਣ ਦੀ ਕੋਈ ਗੱਲ ਕਰੇ ਤਾਂ ਲੋਕ ਆਪਣੇ ਧਾਰਮਿਕ ਮਸਲਿਆਂ ਵਿੱਚ ਦਖਲ ਅੰਦਾਜ਼ੀ ਅਤੇ ਧਾਰਮਿਕ ਆਜ਼ਾਦੀ ਨੂੰ ਖਤਰੇ ਵਿਚ ਕਹਿ ਕੇ ਪ੍ਰਦੂਸ਼ਣ ਸ਼ੁਰੂ ਕਰ ਦੇਣਗੇ ਕਿਉਂਕਿ ਸਾਡੇ ਧਾਰਮਿਕ ਮੁਖੀ ਕਦੇ ਆਖਦੇ ਹੀ ਨਹੀਂ ਕਿ ਇਹ ਜੋ ਤੁਸੀਂ ਕਰ ਰਹੇ ਹੋ ਇਹ ਧਰਮ ਨਹੀਂ, ਅਧਰਮ ਹੈ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ—


ਕੂਰ ਕ੍ਰਿਆ ਉਰਝਿਓ ਸਭ ਹੀ ਜਗ, ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥

ਇਸ ਵਰ੍ਹੇ ਅੰਮ੍ਰਿਤਸਰ ਦੁਸਿਹਰੇ ਮੌਕੇ ਜੋ ਮੰਦਭਾਗੀ ਘਟਨਾ ਵਾਪਰੀ, ਸੈਂਕੜੇ ਲੋਕ ਮਾਰੇ ਗਏ, ਅੰਗਹੀਣ ਹੋ ਗਏ। ਪਰ ਪ੍ਰਸ਼ਾਸਨ ਅਜੇਹੇ ਸਥਾਨ ਤੇ ਰੇਲਵੇ ਟਰੈਕ ਦੇ ਨੇੜੇ, ਅਜੇਹੇ ਸਮਾਗਮ ਲਈ ਮੰਨਜੂਰੀ ਹੀ ਕਿਉਂ ਦੇਵੇ। ਫੇਰ ਜਿੱਥੇ ਰੇਲਵੇ ਟਰੈਕ ਹੈ, ਏਨੀ ਭੀੜ ਇਕੱਠੀ ਹੋਈ ਹੈ, ਆਖਿਰ ਪੁਲਿਸ ਵੀ ਹੋਵੇਗੀ, ਪੁਲਿਸ ਨੇ ਰੇਲਵੇ ਟਰੈਕ ਤੇ ਲੋਕਾਂ ਨੂੰ ਇੱਕਠੇ ਹੋਣ ਹੀ ਕਿਉਂ ਦਿੱਤਾ। ਸਾਡਾ ਪ੍ਰਸ਼ਾਸਨ, ਰਾਜਨੇਤਾ ਕਿਸੇ ਵੀ ਮਸਲੇ ਬਾਰੇ ਕਦੇ ਗੰਭੀਰ ਹੁੰਦੇ ਹੀ ਨਹੀਂ। ਅੰਮ੍ਰਿਤਸਰ ਰੇਲਵੇ ਕਾਂਡ ਲਈ ਜਾਂਚ ਕਮੇਟੀਆਂ ਬਣ ਗਈਆਂ-ਜ਼ੋਰ ਸ਼ੋਰ ਨਾਲ ਸਿਆਸੀ ਦੂਸ਼ਣਬਾਜੀ ਹੋ ਰਹੀ ਹੈ। ਪਰ ਕੀ ਸਰਕਾਰ ਇਹ ਨਹੀਂ ਕਰ ਸਕਦੀ ਕਿ ਰਾਵਣ ਸਾੜਨ ਦੀ ਰਸਮ ਲਈ ਆਦਮ ਕੱਦ ਤੋਂ ਵੱਡਾ ਰਾਵਣ ਨਹੀਂ ਬਣਾ ਸਕੋਗੇ। ਉਸ ਵਿੱਚ ਬਰੂਦ ਨਹੀਂ ਪਾਉਣ ਦੇਵਾਂਗੇ। ਵਾਤਾਵਰਣ ਨੂੰ ਜ਼ਹਿਰੀਲਾ ਕਰਨ ਦੀ ਹਰਗਿਜ਼ ਆਗਿਆ ਨਹੀਂ ਹੋਵੇਗੀ।

ਜੇ ਧਾਰਮਿਕ ਆਗੂ ਇਹ ਕਰਨ ਕਿ ਦੁਸਹਿਰੇ ਤੋਂ ਪਹਿਲਾਂ ਰਾਮ ਲੀਲਾ ਦੇ ਨਾਟਕ ਨਾ ਹੋ ਕੇ ਰਮਾਇਣ ਦੀ ਕਥਾ ਹੋਇਆ ਕਰੇਗੀ। ਲੋਕ ਬੈਠ ਕੇ ਸੁਨਣ ਅਤੇ ਰਾਮ-ਨਾਮ ਦਾ ਜਾਪ ਕਰਨ। ਅਜੇਹਾ ਕਰਨ ਨਾਲ ਉੱਥੇ ਸਤਸੰਗੀ ਹੀ ਆਉਣਗੇ। ਅਜੇਹੇ ਤਮਾਸ਼ਬੀਨ ਜਾਂ ਚੋਰ ਉੱਚਕੇ ਨਹੀਂ ਆਉਣਗੇ ਜੋ ਜ਼ਖਮੀਆਂ ਦੀ ਮਦਦ ਕਰਨ ਜਾਂ ਉਨ੍ਹਾਂ ਦੇ ਮੂੰਹ ਵਿਚ ਪਾਣੀ ਪਾਉਣ ਦੀ ਥਾਂ ਉਨ੍ਹਾਂ ਦਾ ਸਮਾਨ ਚੁੱਕ ਕੇ ਭੱਜ ਰਹੇ ਸਨ। ਕਈ ਵਰ੍ਹੇ ਪਹਿਲਾਂ ਨਾਮਧਾਰੀ ਸਿੱਖ ਪੰਥ ਦੇ ਗੁਰੂ, **ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਗਤ ਦੇ ਨਾਮ ਹੁਕਮ ਜਾਰੀ ਕੀਤਾ ਸੀ: ਦੀਵਾਲੀ ਤੇ ਪਟਾਕੇ ਨਾ ਚਲਾਉ, ਇਕ ਤਾਂ ਧੂੰਏ ਨਾਲ ਜੀਵ ਜੰਤੂ ਮਰਦੇ ਨੇ ਦੂਜਾ ਤੁਹਾਡੀ ਮਾਇਆ ਦੀ ਬਰਬਾਦੀ ਹੁੰਦੀ ਹੈ, ਦਾਨ ਪੁੰਨ ਕਰਕੇ, ਭਜਨ ਬਾਣੀ ਕਰਕੇ, ਦੀਵਾਲੀ ਮਨਾਉ।** ਹੋਰ ਤੇ ਹੋਰ ਸਤਿਗੁਰੂ ਜੀ ਨੇ ਨਾਮਧਾਰੀ ਸੰਗਤ ਵਿੱਚ ਅਤੇ ਸ੍ਰੀ ਭੈਣੀ ਸਾਹਿਬ ਲਾਊਡ ਸਪੀਕਰ ਬੰਦ ਕਰਵਾ ਕੇ, ਇਸ ਢੰਗ ਦਾ ਸਾਊਂਡ ਸਿਸਟਮ ਸੈਟ-ਅੱਪ ਕਰਵਾਇਆ ਕਿ ਜੋ ਸੰਗਤ ਸਮਾਗਮ ਵਿੱਚ ਹੋਵੇ ਉਨ੍ਹਾਂ ਨੂੰ ਹੀ ਠੀਕ ਢੰਗ ਨਾਲ ਸੁਣ ਸਕੇ ਤਾਂ ਕਿ ਸਾਊਂਡ ਪਲਿਊਸ਼ਨ ਨੂੰ ਵੀ ਰੋਕਿਆ ਜਾ ਸਕੇ।ਜੇ ਸਾਡੇ ਧਾਰਮਿਕ ਆਗੂ, ਸਮਾਜ ਸੇਵੀ ਅਤੇ ਰਾਜਨੇਤਾ ਆਪਣੀ ਜ਼ਿੰਮੇਵਾਰੀ ਠੀਕ ਢੰਗ ਨਾਲ ਨਿਭਾਉਣ। ਪ੍ਰਸ਼ਾਸਨ ਅਤੇ ਰਾਜਨੇਤਾ ਦੂਸ਼ਣਬਾਜੀ ਅਤੇ ਸਿਆਸੀ ਰੋਟੀਆਂ ਸੇਕਣ ਦੀ ਜਗ੍ਹਾ ਸੁਹਿਰਦ ਹੋਣ, ਸਖ਼ਤ ਕਾਨੂੰਨ ਅਤੇ ਅਨੁਸ਼ਾਸਨ ਲਾਗੂ ਕਰਨ ਤਾਂ ਹੀ ਅਜੇਹੀਆਂ ਮੰਦਭਾਗੀਆਂ ਘਟਨਾਵਾਂ ਨੂੰ ਮੁੜ ਵਾਪਰਨੋਂ ਰੋਕਿਆ ਜਾ ਸਕਦਾ ਹੈ।

**–ਹਰਪਾਲ ਸਿੰਘ ਸੇਵਕ, 94176–01321**

# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਹੋਰ ਭਾਈ ਹਮੀਰ ਸਿੰਘ ਸਾਨੂੰ ਕੀ ਆਖਦਾ ਹੈ ਏਸ ਬਾਤ ਨੂ, ਜਿਤਨਾ ਕੁਛ ਤੂ ਲੈ ਆਇਆ ਹੈ ਸੋ ਤੂ ਜਾਣ ਤੇਰੇ ਪਾਸ ਹੈ। ਤੂਹੀ ਖਰਚਨ ਬਾਲਾ ਹੈ। ਜਿਉ ਸਰੇ ਸਾਰ ਲੈ, ਸਾਨੂ ਕੁਛ ਥੋੜੀ ਈ ਲੋੜ ਹੈ ਧਨ ਪਦਾਰਥ ਦੀ। ਹੋਰ ਮਾਈ ਦਾਖਾ ਨੂ ਮੇਰਾ ਮਥਾ ਟੇਕਣਾ ਬਹੁਤ ਕਰਕੇ। ਨੈਣਾ ਸਿੰਘ ਸਰਬ ਸਿੰਘਾ ਨੂ ਫਤੇ ਗਜਾ ਦੇਣੀ।

ਹੋਰੁ ਅਸੀ ਅਨੰਦ ਹਾ ਹਰਿ ਤਰਾ ਸੇ। ਇਕ ਸੰਗਤ ਦੇ ਬਛੋੜੇ ਦਾ ਬਡਾ ਦੁਖ ਹੈ। ਸੋ ਏਹੁ ਦੁਖ ਗੁਰੂ ਸਾਹਿਬ ਦੇ ਮੇਟਣ ਦਾ ਹੈ, ਜਦ ਗੁਰੂ ਚਾਹੂ ਤੁਰਤ ਹੀ ਮੇਟ ਦੇਊਗਾ। ਹੋਰੁ ਸੰਗਤ ਸਾਰੀ ਦੀ ਖਬਰ ਸੁਣਕੇ ਬਡੇ ਅਨੰਦ ਹੋਇ, ਪਰ ਏਹੁ ਬਾਤ ਬੀ ਬਿਛੋੜੇ ਦਾ ਦੁਖ ਬਡਾ ਹੋਇ ਰਿਹਾ ਹੈ। ਸੋ ਖਾਲਸਾ ਜੀ ਤੁਸੀ ਸਭੇ ਗੁਰੂ ਸਾਹਿਬ ਦੇ ਬਚਨਾ ਉਪਰ ਪਰਤੀਤ ਰਖੋ, ਏਹੁ ਬੀ ਦੁਖ ਦੇਵੇਗਾ।

੧੯ ਸਾਉਣ ੨੦੭੫
31 ਜੁਲਾਈ 2018ਈ:
ਮੰਗਲਵਾਰ

# ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ

ਸਥਾਨ-ਸੈਨ ਹੋਜ਼ੇ (ਅਮਰੀਕਾ)

ਸਤਿਕਾਰਯੋਗ ਸਾਧ ਸੰਗਤ ਜੀ, ਤੁਸੀਂ ਗੁਰੂ ਜੱਸ ਸੁਣਿਆ ਹੈ, ਸੰਤ ਨਿਸ਼ਾਨ ਸਿੰਘ ਜੀ ਤੋਂ, ਉਪਰੰਤ ਇਲਾਹੀ ਬਾਣੀ ਦਾ ਕੀਰਤਨ ਸ੍ਰਵਣ ਕੀਤਾ ਹੈ। ਮੈਂ ਕੁਝ ਵਿਸਥਾਰ ਵਿੱਚ ਅਰਜ਼ ਕਰਾਂਗਾ ਜੋ ਸੰਤ ਨਿਸ਼ਾਨ ਸਿੰਘ ਜੀ ਤੋਂ ਸੁਣਿਆ ਹੈ ਸ਼ਾਇਦ ਕੁਝ ਨੌਜੁਆਨਾਂ ਨੂੰ ਸਮਝ ਨਾ ਆਈ ਹੋਵੇ। ਸੰਤਾਂ ਨੇ ਤ੍ਰਿਸ਼ਨਾ ਦੀ ਗੱਲ ਕੀਤੀ ਹੈ। ਬੜੀ ਔਖੀ ਗੱਲ ਹੈ ਪਰ ਤ੍ਰਿਸ਼ਨਾ ਉਸਦੀ ਖਤਮ ਹੁੰਦੀ ਹੈ, ਜਿਸ ਤੇ ਸਤਿਗੁਰੂ ਦੀ ਕਿਰਪਾ ਹੁੰਦੀ ਹੈ। ਤ੍ਰਿਸ਼ਨਾ ਤੋਂ ਭਾਵ desire ਹੈ, ਇਹ ਦੁਨੀਆਂ ਸਾਰੀ ਚੱਲਦੀ ਵੀ ਡਿਜ਼ਾਇਰ ਨਾਲ ਹੀ ਹੈ। ਇਹ ਦੁਨੀਆਂ ਚੱਲਦੀ ਵੀ ਲਾਲਚ ਨਾਲ ਹੈ ਅਤੇ ਪਾਪਾਂ ਦਾ ਕਾਰਨ ਵੀ ਲਾਲਚ ਹੀ ਬਣਦਾ ਹੈ। ਸੱਚੇ ਪਾਤਸ਼ਾਹ ਹੁਕਮ ਕਰਦੇ ਹਨ ਕਿ ਤ੍ਰਿਸ਼ਨਾ ਕਿਸੇ ਵਿਰਲੇ ਦੀ ਹੀ ਬੁੱਝਦੀ ਹੈ। ਜਦੋਂ ਕਿਰਪਾ ਹੁੰਦੀ ਹੈ, ਜਦੋਂ ਏਥੇ ਬੈਠ ਕੇ ਗੁਰਮਤਿ ਦਾ ਵਿਚਾਰ ਕਰਦੇ ਹਾਂ ਫੇਰ ਆਪਣਾ ਜੀਅ ਜ਼ਰੂਰ ਕਰਦਾ ਹੈ, ਏਸ ਰਸਤੇ ਤੇ ਤੁਰਨ ਨੂੰ।

ਸਭ ਤੋਂ ਪਹਿਲਾਂ ਆਪਾਂ ਇਹ ਪੁੱਛਦੇ ਹਾਂ ਕਿ ਧਰਮ ਦੀ ਜ਼ਰੂਰਤ ਕਿਉਂ ਹੈ? ਮੈਂ ਸਮਝਦਾ ਹਾਂ ਕਿ ਸਭ ਤੋਂ ਪਹਿਲੋਂ ਧਰਮ ਦੀ ਜਰੂਰਤ, ਮਨੁੱਖ ਨੂੰ ਹੈਵਾਨੀਅਤ ਤੋਂ ਹਟਾ ਕੇ ਇਨਸਾਨ ਬਣਾਉਣ ਲਈ ਹੈ। ਕਿਉਂਕਿ ਲਾਲਚ ਅਤੇ ਤ੍ਰਿਸ਼ਨਾ ਕਰਕੇ ਇਨਸਾਨ ਹੈਵਾਨ ਬਣ ਜਾਂਦਾ ਹੈ। ਧਰਮ ਸਾਨੂੰ ਹੈਵਾਨੀਅਤ ਤੋਂ ਮੋੜ ਕੇ ਇਨਸਾਨੀ ਕਦਰਾਂ ਕੀਮਤਾਂ ਨਾਲ ਜੋੜਦਾ ਹੈ। ਸੰਤਾਂ ਨੇ ਮਿਸਾਲਾਂ ਦਿੱਤੀਆਂ ਸਨ, ਉਸ ਤੋਂ ਵੱਡੀ ਇਨਸਾਨੀਅਤ ਕੀ ਹੋ ਸਕਦੀ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੰਦੇੜ ਦੇ ਨਰ-ਨਾਟਕ ਤੋਂ ਬਾਅਦ, ਸਿੱਖ ਜੰਗਲਾਂ ਵਿੱਚ ਰਹਿੰਦੇ ਸਨ, ਜਦੋਂ ਕਈ-ਕਈ ਦਿਨ ਭੁੱਖੇ ਰਹਿੰਦੇ ਸਨ, ਜਦੋਂ ਲੰਗਰ ਮਿਲਿਆ, ਉਸ ਵੇਲੇ ਜੇ ਕਿਸੇ ਗਰੀਬ ਨੇ ਆ ਕੇ ਪ੍ਰਸ਼ਾਦਾ ਮੰਗਿਆ ਤਾਂ ਪਹਿਲਾਂ ਉਸਨੂੰ ਦਿੱਤਾ ਫੇਰ ਆਪ ਛਕਿਆ। ਫੇਰ ਅਜੇਹੇ ਸੰਕਟ ਦੇ ਸਮੇਂ ਵੀ ਵੰਡ ਕੇ ਖਾਧੀ ਹੈ, ਮਾੜੇ ਦੀ ਮਦਦ ਕੀਤੀ ਹੈ, ਆਪ ਔਖੇ ਹੋ ਕੇ ਵੀ ਸ਼ਰਨ ਆਏ ਦੀ ਮਦਦ ਕੀਤੀ ਹੈ। ਉਸ ਦਸਵੇਂ ਪਾਤਸ਼ਾਹ ਨੂੰ ਯਾਦ ਕਰੀਏ ਸਾਰੇ ਬੜੇ ਪ੍ਰੇਮ ਨਾਲ ਆਖੀਏ-"ਧੰਨ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ।" ।" ਸੱਚੇ ਪਾਤਸ਼ਾਹ ਨੇ ਮਜ਼ਲੂਮਾਂ ਦੀ ਰੱਖਿਆ ਲਈ ਲੜਾਈ ਸ਼ੁਰੂ ਕੀਤੀ। ਉਨ੍ਹਾਂ ਦੇ ਸਿੱਖਾਂ ਨੇ ਕਿੰਨੇ ਜ਼ੁਲਮ ਸਹਿਣ ਕੀਤੇ, ਇਹ ਉਨ੍ਹਾਂ ਦੀ ਕਿਰਪਾ ਸਦਕਾ ਹੀ ਸੀ ਕਿ ਬੰਦਾ ਬਹਾਦਰ ਜੂਝਿਆ, ਹੋਰ ਸਿੱਖ ਲੜਦੇ ਰਹੇ ਤੇ ਸਾਨੂੰ ਮੁਗਲਾਂ ਤੋਂ ਆਜ਼ਾਦੀ ਮਿਲੀ।

ਅੱਜ ਮੈਂ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਦੀ ਯਾਦ ਕਰਵਾਉਂਦਾ ਹੋਇਆ ਬੇਨਤੀ ਕਰਦਾ ਹਾਂ ਕਿ ਜਿਹੜਾ ਆਪਣਾ ਖਾਲਸੇ ਦਾ ਐਹ ਸਰੂਪ ਹੈ, ਦਾੜ੍ਹੀ ਕੇਸਾਂ ਵਾਲਾ, ਇਹ ਦੇਣ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਦੀ ਹੈ, ਉਸ ਪਾਤਸ਼ਾਹ ਨੇ

ਚਾਰੇ ਸਾਹਿਬਜ਼ਾਦੇ ਵਾਰ ਦਿੱਤੇ ਏਸ ਧਰਮ ਵਾਸਤੇ, ਸਿੱਖੀ ਸਰੂਪ ਵਾਸਤੇ, ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਕੋਈ ਆਪਣੀ ਜਾਇਦਾਦ ਨਹੀਂ ਸੀ ਬਣਾ ਰਹੇ। ਮੈਂ ਖਾਸ ਕਰਕੇ ਨੌਜੁਆਨਾਂ ਨੂੰ ਬੇਨਤੀ ਕਰਦਾ ਹਾਂ ਕਿ ਆਪਾਂ ਦਾੜ੍ਹੀ ਕੇਸਾਂ ਦੀ ਸੰਗ ਨਾ ਕਰਿਆ ਕਰੀਏ। ਸਾਨੂੰ ਇਹ ਮਾਣ ਹੋਵੇ ਕਿ ਅੱਜ ਜੇ ਕੋਈ ਭਾਰਤ ਦਾ ਸਰੂਪ ਹੈ, ਤਾਂ ਉਹ ਗੁਰੂ ਗੋਬਿੰਦ ਸਿੰਘ ਦੀ ਦੇਣ ਹੈ। ਇਸ ਲਈ ਸਿੱਖ ਹੋਣ ਦਾ ਫ਼ਖ਼ਰ ਮਹਿਸੂਸ ਕਰੋ। ਅਸੀਂ ਸਰੂਪ ਉਹ ਰੱਖੀਏ ਜੋ ਸਾਨੂੰ ਸੱਚੇ ਪਾਤਸ਼ਾਹ ਨੇ ਬਖਸ਼ਿਆ ਹੈ।

ਮੈਂ ਹੋਰ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਜਦੋਂ ਉਹ ਸਮਾਂ ਆਇਆ, ਮਹਾਰਾਜਾ ਰਣਜੀਤ ਸਿੰਘ ਦਾ ਰਾਜ ਖਤਮ ਹੋ ਗਿਆ। ਸਿਖਾਂ ਵਿੱਚ ਬਹੁਤ ਗਿਰਾਵਟ ਆ ਗਈ, ਦਸਵੇਂ ਪਾਤਸ਼ਾਹ ਦੀ ਸਾਜੀ ਸਿੱਖੀ ਨਹੀਂ ਸੀ ਲੱਭਦੀ। ਉਸ ਸਮੇਂ ਸਿੱਖੀ ਨੂੰ ਮੁੜ ਸੁਰਜੀਤ ਕੀਤਾ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ। ਇੱਕ ਵਾਰੀ ਬੜੇ ਪਿਆਰ ਨਾਲ ਆਖੋ "ਧੰਨ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ।" ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਮੁੜ ਉਹ ਸਿੱਖੀ ਸਰੂਪ ਕਾਇਮ ਕੀਤਾ, ਮੁੜ ਉਹ ਦਸਤਾਰਾਂ ਸਿਰਾਂ ਤੇ ਸਜੀਆਂ, ਤੰਮਾਕੂ, ਮਾਸ-ਸ਼ਰਾਬ ਛੁਡਵਾ ਕੇ ਕੇਸ ਰਖਵਾਏ, ਮੁੜ ਉਸੇ ਸਿੱਖੀ ਸਵੈਮਾਣ ਨੂੰ ਸਿਖਰਾਂ ਤੇ ਪਹੁੰਚਾਇਆ। ਫੇਰ ਭਾਰਤ ਦੀ ਆਜ਼ਾਦੀ ਦਾ ਰਾਹ ਖੋਲ੍ਹਿਆ, ਉਹ ਸਿੱਖ ਸ਼ਹੀਦ ਹੋਏ। ਮੈਂ ਇਹ ਗੱਲਾਂ ਇਸ ਕਰਕੇ ਦੱਸਣਾ ਚਾਹੁੰਦਾ ਹਾਂ ਕਿ ਨੌਜੁਆਨ, ਸਾਡੀ ਆਉਣ ਵਾਲੀ ਜੈਨਰੇਸ਼ਨ (ਨਸਲ) ਏਥੇ ਜੰਮੇ-ਪਲੇ ਨੇ, ਉਨ੍ਹਾਂ ਨੂੰ ਇਹ ਗੱਲਾਂ ਯਾਦ ਰਹਿਣ। ਜੇ ਤੁਸੀਂ ਕਿਸੇ ਤਰ੍ਹਾਂ ਦੀ ਸਾਡੇ ਤੋਂ ਮੱਦਦ ਚਾਹੋਗੇ, ਕੋਈ ਲਿਟਰੇਚਰ ਚਾਹੋਗੇ, ਅਸੀਂ ਭੇਜਾਂਗੇ, ਤੁਸੀਂ ਆਪ ਰਿਸਰਚ ਕਰੋ ਤਾਂਕਿ ਤੁਹਾਨੂੰ ਪਤਾ ਲੱਗੇ ਕਿ ਸਾਡਾ ਵਿਰਸਾ ਕੀ ਹੈ। ਕਿੰਨਾ ਉੱਚਾ ਹੈ ਸਾਡਾ ਵਿਰਸਾ, ਸਾਡਾ ਇਤਿਹਾਸ, ਸਾਡੇ ਦੇਸ਼ ਨੂੰ ਆਜ਼ਾਦੀ ਕਿਵੇਂ ਮਿਲੀ ਹੈ ਅਤੇ ਸਿੱਖੀ ਦੀਆਂ ਕਦਰਾਂ ਕੀਮਤਾਂ ਕੀ ਨੇ? ਸਿੱਖੀ ਸਭ ਤੋਂ ਪਹਿਲਾਂ ਇਨਸਾਨੀਅਤ ਸਿਖਾਉਂਦੀ ਹੈ।

ਜੇ ਕਿਸੇ ਦੇ ਮਨ ਵਿੱਚ ਇਹ ਆਉਂਦਾ ਹੈ ਕਿ ਦੁਨੀਆਂ ਵਿੱਚ ਬਹੁਤ ਲੜਾਈਆਂ ਧਰਮਾਂ ਕਰਕੇ ਹੋਈਆਂ ਨੇ। ਮੈਂ ਇਹ ਦੱਸਣਾ ਚਾਹਾਂਗਾ ਕਿ ਇਹ ਗੁਰੂ ਨਾਨਕ ਸੱਚੇ ਪਾਤਸ਼ਾਹ ਦਾ ਧਰਮ ਹੈ। ਸਾਰੇ ਧਰਮ ਉਨ੍ਹਾਂ ਆਪਣੇ ਵਿੱਚ ਮਿਲਾ ਲਏ, ਜੇ ਅਸੀਂ ਗੁਰੂ ਗ੍ਰੰਥ ਸਾਹਿਬ ਵੇਖੀਏ, ਉੱਥੇ ਮੁਸਲਮਾਨ ਫਕੀਰਾਂ ਦੀ ਬਾਣੀ ਹੈ, ਹਿੰਦੂ ਭਗਤਾਂ ਦੀ ਬਾਣੀ ਹੈ, ਜਿਸਨੂੰ ਸੱਚੇ ਪਾਤਸ਼ਾਹ ਨੇ ਸਤਿਕਾਰ ਦੇ ਕੇ ਆਪਣੇ ਨਾਲ ਰੱਖਿਆ ਹੈ। ਉਹ ਸੱਚੇ ਪਾਤਸ਼ਾਹ ਨੇ ਕਿਰਪਾ ਕੀਤੀ ਕਿ ਤੁਸੀਂ ਸਭ ਨੇ ਇੱਕੋ ਜਗ੍ਹਾ ਪਹੁੰਚਣਾ ਹੈ, ਜੇ ਤੁਸੀਂ ਮੁਸਲਮਾਨ ਹੋ ਤਾਂ ਚੰਗੇ ਮੁਸਲਮਾਨ ਬਣੋ, ਹਿੰਦੂ ਹੋ ਤਾਂ ਚੰਗੇ ਹਿੰਦੂ ਬਣੋ, ਚੰਗੇ ਸਿੱਖ ਬਣੋ। ਉਹ ਹੱਦਾਂ, ਲੜਾਈਆਂ ਸੱਚੇ ਪਾਤਸ਼ਾਹ ਨੇ ਮੁਕਾਈਆਂ। ਜੇ ਪਖੰਡ ਨੂੰ ਨਿੰਦਿਆ ਹੈ ਤਾਂ ਸਾਰਿਆਂ ਦੇ ਪਖੰਡ ਨੂੰ ਨਿੰਦਿਆ ਹੈ। ਸਾਨੂੰ ਏਸ ਗੱਲ ਦਾ ਮਾਣ ਹੈ ਕਿ ਸਾਨੂੰ ਗੁਰੂ ਨਾਨਕ ਦੀ ਸਿੱਖੀ ਨਾਲ ਜੁੜਨ ਦਾ ਮੌਕਾ ਮਿਲਿਆ ਹੈ। ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਸਾਡੇ ਧੰਨ ਭਾਗ ਨੇ, ਸਾਨੂੰ ਗੁਰੂ ਮਿਲਿਆ ਹੈ, ਨਾਮ ਮਿਲਿਆ ਹੈ, ਮਨੁੱਖਾ ਦੇਹੀ ਮਿ ਲੀ ਹੈ। ਅਸੀਂ ਸਾਰੇ ਕੰਮ ਕਰਦਿਆਂ ਹੋਇਆਂ ਵੀ ਸਤਿਗੁਰੂ ਸੱਚੇ ਪਾਤਸ਼ਾਹ ਦੀ ਸਿੱਖੀ ਵਾਸਤੇ ਸਮਾਂ ਕੱਢੀਏ।

ਅੱਜ ਮੈਨੂੰ ਜਿਹੜੇ ਵੀ ਘਰਾਂ 'ਚ ਜਾਣ ਦਾ ਸਮਾਂ ਮਿਲਿਆ ਹੈ, ਮੈਂ ਨੌਜੁਆਨਾਂ ਨੂੰ ਬੜੀ ਛੋਟੀ ਜਿਹੀ ਬੇਨਤੀ ਕਰਦਾ ਹਾਂ ਕਿ, ਸਿੱਖੀ ਦੀਆਂ ਜੋ ਕਦਰਾਂ-ਕੀਮਤਾਂ ਜੋ ਸਾਨੂੰ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਨੇ ਦ੍ਰਿੜਾਈਆਂ, ਸ਼ਾਇਦ ਉਨ੍ਹਾਂ ਤੋਂ ਅਸੀਂ ਬਹੁਤ ਦੂਰ ਚਲੇ ਗਏ ਹਾਂ। ਬਹੁਤ ਸਾਰੇ ਬੱਚਿਆਂ ਨੂੰ ਅਰਦਾਸ ਵੀ ਯਾਦ ਨਹੀਂ, ਪੰਜਾਬੀ ਹੀ ਨਹੀਂ ਆਉਂਦੀ। ਮੈਂ ਮਾਪਿਆਂ ਨੂੰ ਬੇਨਤੀ ਕਰਾਂਗਾ ਕਿ ਘਰਾਂ ਵਿੱਚ ਪੰਜਾਬੀ ਬੋਲਿਆ ਕਰੋ ਅਤੇ ਆਪਣੇ ਬੱਚਿਆਂ ਨੂੰ ਪੰਜਾਬੀ ਪੜ੍ਹਾਇਆ ਕਰੋ। ਜਿੰਨੀਆਂ ਮਰਜ਼ੀ ਜ਼ੁਬਾਨਾਂ (ਬੋਲੀਆਂ) ਸਿੱਖੋ ਪਰ ਪਹਿਲ ਆਪਣੀ ਮਾਂ ਬੋਲੀ ਨੂੰ ਦਿਆ ਕਰੋ। ਬਹੁਤ ਸਾਰੇ ਬੱਚੇ ਤੁਸੀਂ ਬੋਲਦੇ ਵੀ ਕਿਉਂਕਿ ਜੇ ਅਸੀਂ ਆਪਣੀ ਮਾਂ ਬੋਲੀ ਪੰਜਾਬੀ ਨਾਲ ਜੁੜਾਂਗੇ ਤਾਂ ਹੀ ਅਸੀਂ ਗੁਰਬਾਣੀ ਨਾਲ ਜੁੜੇ ਰਹਾਂਗੇ, ਸਿੱਖੀ ਕਦਰਾਂ ਕੀਮਤਾਂ ਨਾਲ ਜੁੜੇ ਰਹਾਂਗੇ। ਦੂਸਰੀ ਬਹੁਤ ਛੋਟੀ ਜਿਹੀ ਚੀਜ਼ ਹੈ ਜੇ ਤੁਹਾਡੇ ਕੋਲ ਬਹੁਤ ਜਿਆਦਾ ਟਾਈਮ ਨਹੀਂ। ਸਵੇਰੇ ਸਕੂਲ ਜਾ ਕੰਮ ਤੇ ਜਾਣ ਤੋਂ ਪਹਿਲਾਂ ਬੱਚਾ ਅਰਦਾਸ ਕਰ ਲਵੇ। ਜੇ ਸਾਡੇ ਬੱਚਿਆਂ ਨੂੰ ਅਰਦਾਸ ਹੀ ਨਹੀਂ ਆਉਂਦੀ, ਉਹ ਜਿਸ ਸਤਿਗੁਰੂ ਨੂੰ ਵੀ ਮੰਨਦਾ ਹੈ, ਆਪਣੇ ਗੁਰੂਆਂ ਦੇ ਨਾਮ ਹੀ ਨਹੀਂ ਆਉਂਦੇ। ਇਹ ਭੇਦ ਕਰਨ ਵਾਲੇ ਨੇ, ਉਨ੍ਹਾਂ ਸਿੱਖੀ ਨੂੰ ਨਹੀਂ ਸਮਝਿਆ, ਕੋਈ ਵੀ ਸਿੱਖ ਭਾਵੇਂ ਗੁਰੂ ਨਾਨਕ ਦੇਵ ਜੀ ਦਾ ਨਾਮ ਲੈਂਦਾ ਹੈ, ਸਤਿਗੁਰੂ ਗੋਬਿੰਦ ਸਿੰਘ ਦਾ, ਸਤਿਗੁਰੂ ਰਾਮ ਸਿੰਘ ਦਾ ਨਾਮ ਲੈਂਦਾ ਹੈ, ਜਿੱਥੇ ਜਿੱਥੇ ਵੀ ਤੁਹਾਡਾ ਪਿਆਰ ਹੈ, ਮੈਂ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਵਰੋਸਾਇਆ ਹਾਂ ਤਾਂ ਮੈਂ ਉਨ੍ਹਾਂ ਨੂੰ ਯਾਦ ਕਰਦਾ ਹਾਂ, ਉਨ੍ਹਾਂ ਨੂੰ ਯਾਦ ਕਰਕੇ ਅਰਦਾਸ ਕਰਿਆ ਕਰੀਏ ਕਿ ਹੇ ਪਾਤਸ਼ਾਹ ਮੇਰੇ ਤੋਂ ਉਹ ਕੰਮ ਕਰਵਾ ਜੋ ਤੈਨੂੰ ਚੰਗਾ ਲੱਗੇ ਕਿਉਂਕਿ ਜੇ ਮੈਂ ਰੋਟੀ ਖਾ ਰਿਹਾ ਹਾਂ, ਜੋ ਮੈਨੂੰ ਸੁਖ ਮਿਲ ਰਿਹਾ ਹੈ, ਉਹ ਤੇਰਾ ਦਿੱਤਾ ਹੈ, ਹੋਰ ਤੇਰੇ ਤੋਂ ਬਿਨਾਂ ਕੋਈ ਦੇਣ ਵਾਲਾ ਹੀ ਨਹੀਂ। ਤੁਸੀਂ ਜਪੁ ਜੀ ਸਾਹਿਬ ਦਾ ਪਾਠ ਸੁਣਦੇ ਹੋ, ਪਾਤਸ਼ਾਹ ਲਿਖਦੇ ਨੇ-

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥

ਆਪਾਂ ਘੱਟ ਤੋਂ ਘੱਟ ਕਿਤੇ ਜਾਣ ਵੇਲੇ ਉਸ ਮਾਲਕ ਨੂੰ ਉਸ ਸਤਿਗੁਰੂ ਨੂੰ ਯਾਦ ਕਰ ਲਿਆ ਕਰੀਏ, ਜਿਸਦਾ ਦਿੱਤਾ ਅਸੀਂ ਖਾ ਰਹੇ ਹਾਂ, ਜਿਸਦੀ ਬਖਸ਼ਿਸ਼ ਨਾਲ ਸਾਰੇ ਸੁੱਖ ਲੈ ਰਹੇ ਹਾਂ। ਹਰ ਇੱਕ ਬੱਚਾ ਜੇ 10 ਮਿੰਟ ਜਾਂ 15 ਮਿੰਟ ਨਾਮ ਸਿਮਰਨ

ਕਰਕੇ ਅਤੇ ਨਾਮ ਸਿਮਰਨ ਕਰਨ ਲੱਗਿਆਂ ਇਹ ਕੋਸ਼ਿਸ਼ ਕਰੋ ਕਿ ਮਨ ਵਿੱਚ ਕਿਸੇ ਵਾਸਤੇ ਵੀ ਈਰਖਾ ਨਾ ਹੋਵੇ ਕਿਉਂਕਿ ਜਦੋਂ ਅਸੀਂ ਅਰਦਾਸ ਕਰਦੇ ਹਾਂ ਤਾਂ ਸਾਰਿਆਂ ਦਾ ਭਲਾ ਮੰਗਦੇ ਹਾਂ। ਹੁਣੇ ਅਰਦਾਸ ਕੀਤੀ ਸੀ ਸੰਤਾਂ ਨੇ ਕਿਹਾ ਸੀ ਕਿ ਕੋਈ ਦੁਖੀਆ ਰਹੇ ਹੀ ਨਾ। ਜਦੋਂ ਆਪਾਂ ਦਿਲੋਂ ਕਹਿੰਦੇ ਹਾਂ ਕਿ ਕੋਈ ਦੁਖੀਆ ਰਹੇ ਹੀ ਨਾ, ਉਦੋਂ ਸਾਡੇ ਆਪਣੇ ਮਨ ਨੂੰ ਕਿੰਨਾ ਸੁੱਖ ਮਿਲਦਾ ਹੈ। ਤੁਹਾਡੇ ਆਪਣੇ ਅੰਦਰੋਂ ਹਰ ਇੱਕ ਲਈ ਈਰਖਾ ਨਿਕਲ ਜਾਂਦੀ ਹੈ। ਉਹ ਜਿਹੜਾ ਸਾਨੂੰ ਸੁਖ ਮਿਲਦਾ ਹੈ ਕਿ ਕਿਸੇ ਦਾ ਤੇ ਭਲਾ ਹੋਵੇਗਾ ਹੀ। ਸਭ ਤੋਂ ਪਹਿਲਾਂ ਸਾਡਾ ਆਪਣਾ ਭਲਾ ਹੁੰਦਾ ਹੈ। ਇਸ ਲਈ ਆਪਾਂ ਸੱਚੇ ਮਨ ਨਾਲ ਅਰਦਾਸ ਕਰੀਏ ਉਸ ਸਤਿਗੁਰੂ ਸੱਚੇ ਪਾਤਸ਼ਾਹ ਅੱਗੇ ਜੀਹਦਾ ਦਿੱਤਾ ਖਾਂਦੇ ਹਾਂ। ਜਿੰਨਾਂ ਚਿਰ ਵੀ ਹੋ ਸਕੇ, ਉਹਦਾ ਨਾਮ ਸਿਮਰਨ ਕਰੀਏ। ਉਸ ਤੋਂ ਅਗਲੀ ਗੱਲ ਇਹ ਹੈ ਕਿ ਬੱਚਿਆਂ ਨੂੰ ਥੋੜ੍ਹੀ-ਥੋੜ੍ਹੀ ਗੁਰਬਾਣੀ ਪੜ੍ਹਾਈਏ, ਸਾਡੇ ਅੰਦਰ ਗੁਰਬਾਣੀ ਦੀ ਇੱਕ ਤੁਕ ਵੀ ਵਸ ਜਾਵੇ, ਤਾਂ ਉਹਦੇ ਨਾਲ ਸਾਡਾ ਭਲਾ ਹੋਵੇਗਾ।

ਤੁਹਾਡੇ ਕੋਲ ਆਉਣ ਨੂੰ ਵੀ ਜੀਅ ਕਰਦਾ ਹੈ, ਤੁਸੀਂ ਸਾਰੇ ਸਿੱਖੀ ਨਾਲ ਜੁੜੋ, ਪਿਆਰ ਨਾਲ ਆਓ, ਅੱਗੇ ਤੋਂ ਮੈਂ ਆਵਾਂ, ਕਿਸੇ ਨੇ ਦਾੜ੍ਹੀ ਰੱਖੀ ਹੋਵੇ, ਕਿਸੇ ਨੇ ਕੇਸ ਰੱਖੇ ਹੋਣ, ਕਿਸੇ ਨੇ ਨਾਮ ਸਿਮਰਨ ਸ਼ੁਰੂ ਕੀਤਾ ਹੋਵੇ, ਕਿਸੇ ਨੇ ਅਰਦਾਸ ਯਾਦ ਕੀਤੀ ਹੋਵੇ, ਕੋਈ ਗੁਰਬਾਣੀ ਸੁਣਾਵੇ। ਤਾਂ ਇਹ ਮਾਹੌਲ ਹੋਰ ਵੀ ਚੰਗਾ ਬਣ ਜਾਵੇ, ਸਾਡੀ ਵੀ ਇਨਵੈਸਟਮੈਂਟ ਸਫਲ ਹੋ ਜਾਂਦੀ ਹੈ, ਰਿਟਰਨ ਆਉਣੀ ਸ਼ੁਰੂ ਹੋ ਜਾਂਦੀ ਹੈ, ਸਾਡੀ ਵੀ ਹਾਜ਼ਰੀ ਲੱਗ ਜਾਂਦੀ ਹੈ, ਸਾਡਾ ਵੀ ਭਲਾ ਹੋ ਜਾਵੇਗਾ। ਇਹ ਮੇਰੀ ਹੱਥ ਜੋੜ ਕੇ ਬੇਨਤੀ ਹੈ, ਖਾਸ ਕਰਕੇ ਨੌਜੁਆਨਾਂ ਕੋਲ, ਏਨੀ ਕੁ ਪੰਜਾਬੀ ਸਮਝਦੇ ਹੋ ਤੁਸੀਂ ਸਾਰੇ, ਮੇਰੀ ਏਨੀ ਕੁ ਬੇਨਤੀ ਜ਼ਰੂਰ ਮੰਨਿਓ।

ਮੈਂ ਇੱਕ ਹੋਰ ਬੇਨਤੀ ਕਰਨੀ ਚਾਹਾਂਗਾ, ਬਾਕੀ ਸਾਧ ਸੰਗਤ ਨੂੰ ਵੀ, ਖਾਸ ਕਰਕੇ ਨੌਜੁਆਨ, ਤੁਸੀਂ ਜੇ ਵੈਨਕੂਵਰ ਆ ਸਕੋ, ਥੋੜ੍ਹੇ ਦਿਨਾਂ ਲਈ, ਅੱਠ-ਦਸ ਦਿਨਾਂ ਦਾ ਉੱਥੇ ਪ੍ਰੋਗਰਾਮ ਹੈ। 3 ਅਗਸਤ ਤੋਂ 10 ਤੱਕ ਉੱਥੇ ਪ੍ਰੋਗਰਾਮ ਹੈ। ਬਹੁਤ ਸਾਰੇ ਨੌਜੁਆਨ ਇੰਗਲੈਂਡ ਤੋਂ ਆ ਰਹੇ ਨੇ, ਉੱਥੋਂ ਦੀ ਸੰਗਤ ਤੇ ਹੋਵੇਗੀ ਹੀ। ਜਿੰਨੇ ਦਿਨ ਤੁਸੀਂ ਕੱਢ ਸਕੋ ਦੋ-ਤਿੰਨ ਦਿਨ, ਬੇਸ਼ੱਕ ਵੀਕਐਂਡ ਲਈ ਆ ਜਾਓ, ਤਾਂ ਕਿ ਤੁਹਾਨੂੰ ਸਿੱਖੀ ਬਾਰੇ ਹੋਰ ਪਤਾ ਲੱਗੇ।

ਜਿੰਨਾਂ ਵੀ ਟਾਈਮ ਆਪਣਾ ਨਾਮ ਸਿਮਰਨ ਕਰਦਿਆਂ ਪਾਸ ਹੁੰਦਾ ਹੈ, ਗੁਰਬਾਣੀ ਸੁਣਦਿਆਂ ਕੀਰਤਨ ਸੁਣਦਿਆਂ ਲੰਘਦਾ ਹੈ, ਉਹ ਘੜੀਆਂ ਸੁਲੱਖਣੀਆਂ ਨੇ, ਉਹ ਲੇਖੇ ਲੱਗਦੀਆਂ ਨੇ, ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਹਿੰਮਤ ਕਰਕੇ ਜਿੰਨੇ ਵੀ ਆ ਸਕੋ,ਆਓ ਹੋਰ ਕੰਮਾਂ-ਕਾਰਾਂ ਲਈ ਆਪਾਂ ਬਹੁਤ ਦੂਰ ਦੂਰ ਜਾਂਦੇ ਹਾਂ।

ਏਥੋਂ ਦੀ ਸਾਧ ਸੰਗਤ ਦਾ ਬਹੁਤ ਧੰਨਵਾਦ ਹੈ, ਏਨਾ ਪਿਆਰ ਕਰਦੇ ਹੋ, ਸਵੇਰੇ ਆਸਾ ਦੀ ਵਾਰ ਵਿੱਚ ਆਏ ਹੋ, ਕੰਮਕਾਰ ਛੱਡ ਕੇ ਸ਼ਾਮ ਦੇ ਦੀਵਾਨ ਵਿੱਚ ਵੀ ਆਏ ਹੋ। ਮੇਰੀ ਇਹ ਹੀ ਅਰਦਾਸ ਹੈ ਕਿ ਸੱਚੇ ਪਾਤਸ਼ਾਹ ਕਿਰਪਾ ਕਰਨ ਸਾਨੂੰ ਸਿੱਖੀ ਬਖਸ਼ਣ। ਮੈਂ ਇੱਕ ਗੱਲ ਦੁਹਰਾਉਂਦਾ ਹਾਂ, ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦੀ, ਜਿਹਨਾਂ ਦੀ ਕਿਰਪਾ ਨਾਲ ਅਸੀਂ ਥੋੜ੍ਹੇ ਬਾਹਲੇ ਸਿੱਖ ਰਹਿ ਸਕੇ ਹਾਂ, ਉਹ ਸੱਚੇ ਪਾਤਸ਼ਾਹ ਹੁਕਮ ਕਰਿਆ ਕਰਦੇ ਸਨ: "ਮਨਿਸਟਰ ਬਣੋ, ਇੰਜੀਨੀਅਰ ਬਣੋ, ਡਾਕਟਰ ਬਣੋ ਜੋ ਮਰਜੀ ਬਣੋ ਪਰ ਸਾਰਿਆਂ ਤੋਂ ਪਹਿਲੋਂ ਸਿੱਖ ਜ਼ਰੂਰ ਬਣੋ। ਏਥੇ ਵੀ ਜਿੰਨਾ ਮਰਜੀ ਪੈਸਾ ਕਮਾਓ, ਜਿੰਨੀ ਮਰਜੀ ਐਜੂਕੇਸ਼ਨ ਪ੍ਰਾਪਤ ਕਰ, ਪਰ ਜੇ ਸਿੱਖ ਬਣ ਜਾਓਗੇ, ਸਿੱਖੀ ਦੇ ਨਾਲ ਸੁਖ ਆ ਜਾਵੇਗਾ। ਸਾਰਾ ਕੁਝ ਮਿਲਦਿਆਂ ਹੋਇਆਂ ਵੀ ਤ੍ਰਿਸ਼ਨਾ ਬੁਝ ਜਾਂਦੀ ਹੈ। ਤੁਸੀਂ ਪੌਲੀਟੀਸ਼ਨਜ਼ ਦੀਆਂ ਗੱਲਾਂ ਸੁਣਦੇ ਹੋ, ਕਿਸੇ ਦੇ ਕਿੰਨੇ ਹਜ਼ਾਰਾਂ ਕਰੋੜ, ਕਿੰਨੇ ਬਿਲੀਅਨ ਬਾਹਰਲੇ ਅਕਾਊਂਟਾਂ ਵਿੱਚ ਪਏ ਨੇ ਪਰ ਉਨ੍ਹਾਂ ਦੀ ਤ੍ਰਿਸ਼ਨਾ ਨਹੀਂ ਬੁਝੀ, ਉਹ ਸੁਖੀ ਤੇ ਨਹੀਂ, ਉਨ੍ਹਾਂ ਨੂੰ ਕਿਸੇ ਨੂੰ ਪੁੱਛ ਕੇ ਵੇਖ ਲਵੋ, ਉਹ ਸੁਖੀ ਨਹੀਂ, ਤ੍ਰਿਸ਼ਨਾ ਬੁਝਣ ਤੋਂ ਬਿਨਾ ਕੋਈ ਸੁਖੀ ਨਹੀਂ ਹੁੰਦਾ, ਕੋਈ ਬਹੁਤੀ ਮਾਇਆ ਕਮਾ ਕੇ ਸੁਖੀ ਨਹੀਂ ਹੁੰਦਾ, ਕੋਈ ਬਹੁਤ ਸਕਸੈੱਸ (ਕਾਮਯਾਬ) ਹੋ ਕੇ ਸੁਖੀ ਨਹੀਂ ਹੁੰਦਾ, ਇਸ ਲਈ ਜੋ ਸੱਚੇ ਪਾਤਸ਼ਾਹ ਨੇ ਦੱਸਿਆ ਹੈ, ਉਹ ਸੁਖੀ ਹੋਣ ਦਾ ਰਸਤਾ ਹੈ। ਇਸ ਲਈ ਅਸੀਂ ਧਰਮ ਨਾਲ ਜੁੜਦੇ ਹਾਂ, ਬਾਕੀ ਗੱਲਾਂ ਤਾਂ ਮਗਰ ਆਪੇ ਹੀ ਆ ਜਾਂਦੀਆਂ ਹਨ। ਫੇਰ ਮੈਂ ਗੱਲ ਕਰਦਾ ਹਾਂ ਸੱਚੇ ਪਾਤਸ਼ਾਹ (ਸਤਿਗੁਰੂ ਜਗਜੀਤ ਸਿੰਘ ਜੀ) ਦੀ, ਆਪ ਜੀ ਹੁਕਮ ਕਰਦੇ ਹੁੰਦੇ ਸੀ ਕਿ ਜਦੋਂ ਅਸੀਂ ਮਾਇਆ ਦੇ ਪਿੱਛੇ ਭੱਜੀਏ, ਸਾਡੇ ਮਾਇਆ ਹੱਥ ਨਹੀਂ ਆਉਂਦੀ। ਜਿਵੇਂ ਅਸੀਂ ਪਰਛਾਵੇਂ ਦੇ ਪਿੱਛੇ ਭੱਜੀਏ, ਪਰਛਾਵੇਂ ਨੂੰ ਅਸੀਂ ਫੜ ਨਹੀਂ ਸਕਦੇ ਪਰ ਜਦੋਂ ਸਾਡਾ ਮੂੰਹ ਸੂਰਜ ਵੱਲ ਹੋ ਜਾਵੇ, ਰੌਸ਼ਨੀ ਵੱਲ ਹੋ ਜਾਵੇ, ਉਹ ਰੌਸ਼ਨੀ ਸਤਿਗੁਰੂ ਹੈ। ਜਦੋਂ ਸਾਡਾ ਮੂੰਹ ਧਰਮ ਵੱਲ ਹੋ ਜਾਵੇ। ਉਹ ਪਰਛਾਵਾਂ ਸਾਡੇ ਪਿੱਛੇ ਲੱਗ ਜਾਂਦਾ ਹੈ, ਮਾਇਆ ਸਾਡੇ ਪਿੱਛੇ ਲੱਗ ਜਾਂਦੀ ਹੈ।

ਸੱਚੇ ਪਾਤਸ਼ਾਹ ਕਿਰਪਾ ਕਰਨ ਅਸੀਂ ਉਨ੍ਹਾਂ ਦੇ ਹੁਕਮ ਮੰਨ ਸਕੀਏ, ਮੇਰੇ ਵਾਸਤੇ ਵੀ ਅਰਦਾਸ ਕਰੋ, ਕਿਰਪਾ ਕਰਨ ਸੱਚੇ ਪਾਤਸ਼ਾਹ ਮੇਰੇ ਤੇ ਵੀ ਸਿੱਖੀ ਦੀ ਬਖਸ਼ਿਸ਼ ਹੋਵੇ, ਤੁਹਾਡੇ ਤੇ ਵੀ ਸਿੱਖੀ ਦੀ ਕਿਰਪਾ ਹੋਵੇ। ਅਸੀਂ ਵੀ ਉਹ ਅਨੰਦ ਮਾਣ ਸਕੀਏ, ਉਹ ਕਿਣਕਾ ਸਿੱਖੀ ਦਾ ਸਾਨੂੰ ਵੀ ਮਿਲ ਸਕੇ। ਏਨੀਆਂ ਅਰਜ਼ਾਂ ਕਰਕੇ ਤੁਹਾਡੇ ਤੋਂ ਆਗਿਆ ਲੈਂਦਾ ਹਾਂ।

ਸਤਿ ਸ੍ਰੀ ਅਕਾਲ।

# ਗੁਰੂ ਜੀ ਤੇ ਜਹਾਂਗੀਰ

✍– ਪ੍ਰੋ. ਕਰਤਾਰ ਸਿੰਘ ਐਮ.ਏ

ਚੰਦੂ ਅਤੇ ਮਿਹਰਬਾਨ ਵਰਗੇ ਗੁਰੂ-ਘਰ ਦੇ ਪੁਰਾਣੇ ਦੋਖੀਆਂ ਈਰਖਾਲੂਆਂ ਨੇ ਗੁਰੂ ਜੀ ਦੀਆਂ ਇਨ੍ਹਾਂ ਤਿਆਰੀਆਂ ਤੇ ਕਾਰਵਾਈਆਂ ਬਾਰੇ ਵਧਾ ਚੜ੍ਹਾ ਕੇ, ਤੇ ਮਸਾਲੇ ਲਾ ਲਾ ਕੇ, ਖਬਰਾਂ ਜਹਾਂਗੀਰ ਬਾਦਸ਼ਾਹ ਨੂੰ ਪੁਚਾਈਆਂ ਤੇ ਕਿਹਾ, "ਗੁਰੂ ਸਾਹਿਬ ਨੇ ਫੌਜ ਰੱਖ ਲਈ ਹੈ, ਨਗਾਰਾ ਵਜਾਉਂਦੇ ਤੇ ਨਿਸ਼ਾਨ ਝੁਲਾਉਂਦੇ ਹਨ, ਸ਼ਿਕਾਰ ਚੜ੍ਹਦੇ ਹਨ, ਆਪਣੇ ਲਈ ਤਖਤ ਬਣਾ ਲਿਆ ਨੇਂ, 'ਸੱਚਾ ਪਾਤਸ਼ਾਹ ਅਖਵਾਉਂਦੇ ਹਨ, ਲੋਕਾਂ ਦੇ ਝਗੜੇ ਮੁਕਾਉਂਦੇ ਤੇ ਨਿਆਂ ਚੁਕਾਉਂਦੇ ਹਨ, ਬਾਦਸ਼ਾਹਾਂ ਵਾਲਾ ਪੂਰਾ ਪੂਰਾ ਠਾਠ ਬਣਾਈ ਬੈਠੇ ਹਨ । ਇਸ ਤਰਾਂ ਇਹ ਰਾਜਸੀ ਤਾਕਤ ਦੀ ਨੀਂਹ ਬੰਨ੍ਹ ਰਹੇ ਹਨ, ਜੇ ਇਹ ਇਸੇ ਤਰ੍ਹਾਂ ਜ਼ੋਰ ਪਕੜਦੇ ਗਏ, ਤਾਂ ਇਹ ਕਿਸੇ ਦਿਨ ਹਕੂਮਤ ਲਈ ਖਤਰਨਾਕ ਸਾਬਤ ਹੋਣਗੇ । ਇਹ ਆਪਣੇ ਪਿਤਾ ਦੀ ਸ਼ਹੀਦੀ ਦਾ ਬਦਲਾ ਲੈਣ ਦੀਆਂ ਤਿਆਰੀਆਂ ਕਰ ਰਹੇ ਹਨ । ਇਨ੍ਹਾਂ ਦਾ ਹੁਣੇ ਹੀ ਬੰਦੋਬਸਤ ਕਰਨਾ ਚਾਹੀਦਾ ਹੈ।"

ਇਹ ਗੱਲਾਂ ਸੁਣ ਕੇ ਕੰਨਾਂ ਦੇ ਕੱਚੇ ਜਹਾਂਗੀਰ ਨੇ ਸੰਮਤ 1669 (ਸੰਨ 1612) ਵਿਚ ਵਜ਼ੀਰ ਖਾਂ ਅਤੇ ਗੁੰਚਾ ਬੇਗ ਨੂੰ ਅੰਮ੍ਰਿਤਸਰ ਭੇਜਿਆ ਕਿ ਉਹ ਗੁਰੂ ਜੀ ਨੂੰ ਦਿੱਲੀ ਲਿਆਉਣ। ਵਜ਼ੀਰ ਖਾਂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਰਧਾਲੂ ਅਤੇ ਦਿਲ ਦਾ ਸਿੱਖ ਸੀ। ਉਹ ਰੋਜ਼ ਸਵੇਰੇ ਸੁਖਮਨੀ ਸਾਹਿਬ ਦਾ ਪਾਠ ਸੁਣੇ ਬਗੈਰ ਕੁੱਝ ਮੂੰਹ ਨਹੀਂ ਸੀ ਪਾਇਆ ਕਰਦਾ, ਤੇ ਕਿਸੇ ਕੰਮ ਨੂੰ ਹੱਥ ਨਹੀਂ ਸੀ ਲਾਇਆ ਕਰਦਾ । ਉਸ ਨੇ ਬਾਦਸ਼ਾਹ ਪਾਸ ਵੀ ਗੁਰੂ ਜੀ ਦੀ ਉਪਮਾ ਤੇ ਵਕੀਲੀ ਕੀਤੀ ਸੀ । ਅੰਮ੍ਰਿਤਸਰ ਪਹੁੰਚ ਕੇ ਉਸ ਨੇ ਮਾਤਾ ਗੰਗਾ ਜੀ ਅਤੇ ਗੁਰੂ ਸਾਹਿਬ ਨੂੰ ਯਕੀਨ ਦਿਵਾਇਆ ਕਿ ਬਾਦਸ਼ਾਹ ਦੀ ਨੀਤ ਮਾੜੀ ਨਹੀਂ। ਗੁਰੂ ਜੀ ਨੇ ਮਾਤਾ ਜੀ ਅਤੇ ਮੁਖੀ ਸਿੱਖਾਂ ਨਾਲ ਸਲਾਹ ਕੀਤੀ ਅਤੇ ਦਿੱਲੀ ਜਾਣ ਦਾ ਫ਼ੈਸਲਾ ਕੀਤਾ। ਹਰਿਮੰਦਰ ਸਾਹਿਬ ਦੀ ਸੇਵਾ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਸੌਂਪ ਕੇ, ਸਿੱਖਾਂ ਨੂੰ ਗੁਰਸਿੱਖੀ ਦੀ ਰਹਿਤ ਵਿਚ ਪੱਕਿਆਂ, ਇਕ-ਜਾਨ ਅਤੇ ਚੜ੍ਹਦੀਆਂ ਕਲਾਂ ਵਿਚ ਰਹਿਣ ਦਾ ਉਪਦੇਸ਼ ਦੇ ਕੇ, ਤਿੰਨ ਸੌ ਸੂਰਮੇ ਨਾਲ ਲੈ ਕੇ ਆਪ 2 ਮਾਘ ਸੰਮਤ 1669 (ਸੰਨ 1612) ਨੂੰ ਦਿੱਲੀ ਨੂੰ ਤੁਰ ਪਏ।

ਅੰਮ੍ਰਿਤਸਰੋਂ ਤੁਰ ਕੇ ਤਰਨ ਤਾਰਨ, ਗੋਇੰਦਵਾਲ, ਦੁਆਬੇ ਅਤੇ ਮਾਲਵੇ ਵਿਚ ਦੀ ਹੁੰਦੇ ਹੋਏ ਗੁਰੂ ਹਰਿਗੋਬਿੰਦ ਸਾਹਿਬ ਦਿੱਲੀ ਪੁੱਜੇ । ਆਪ ਨੇ ਜਮਨਾ ਦੇ ਕੰਢੇ ਮਜਨੂੰ ਦੇ ਟਿੱਲੇ ਦੇ ਪਾਸ ਇਕ ਬਗੀਚੇ ਵਿਚ ਉਤਾਰਾ ਕੀਤਾ। ਵਜ਼ੀਰ ਖਾਂ ਤੇ ਗੁੰਚਾ ਬੇਗ ਬਾਦਸ਼ਾਹ ਨੂੰ ਖਬਰ ਕਰਨ ਲਈ ਚਲੇ ਗਏ । ਗੁਰੂ ਜੀ ਦੇ ਆਉਣ ਦੀ ਖਬਰ ਸੁਣ ਕੇ ਦਿੱਲੀ ਦੇ ਸਿੱਖ ਹੁੰਮ ਹੁੰਮਾ ਕੇ ਆਪ ਦੇ ਦਰਸ਼ਨਾਂ ਲਈ ਆਏ । ਉਨ੍ਹਾਂ ਨੇ ਆਪ ਜੀ ਦੇ ਪਿਤਾ, ਸ੍ਰੀ ਗੁਰੂ ਅਰਜਨ ਦੇਵ ਜੀ, ਦੀ ਸ਼ਹੀਦੀ ਬਾਰੇ ਸ਼ੋਕ ਪਰਗਟ ਕੀਤਾ। ਗੁਰੂ ਜੀ ਨੇ ਸਭ ਨੂੰ ਧੀਰਜ ਦਿੱਤੀ ਅਤੇ ਕਰਤਾਰ ਦਾ ਭਾਣਾ ਮਿੱਠਾ ਕਰ ਕੇ ਮੰਨਣ ਦਾ ਉਪਦੇਸ਼ ਦਿੱਤਾ।

ਕੁੱਝ ਚਿਰ ਏਥੇ ਠਹਿਰਨ ਮਗਰੋਂ ਗੁਰੂ ਜੀ ਬਾਦਸ਼ਾਹ ਨੂੰ ਜਾ ਮਿਲੇ । ਉਸ ਨੇ ਵਿਖਾਵੇ ਭਰੇ ਆਦਰ ਨਾਲ ਆਪ ਦਾ ਸੁਆਗਤ ਕੀਤਾ, ਤੇ ਉਨ੍ਹਾਂ ਤੋਂ ਧਰਮ ਬਾਰੇ ਕਈ ਪੁੱਛਾਂ ਕੀਤੀਆਂ । ਗੁਰੂ ਜੀ ਦੇ ਉੱਤਰ ਸੁਣ ਕੇ ਉਹ ਬੜਾ ਪ੍ਰਸੰਨ ਹੋਇਆ।

ਇਕ ਦਿਨ ਬਾਦਸ਼ਾਹ ਗੁਰੂ ਜੀ ਨੂੰ ਸ਼ਿਕਾਰ ਖੇਡਣ ਲਈ ਨਾਲ ਲੈ ਗਿਆ । ਜੰਗਲ ਵਿਚੋਂ ਇਕ ਸ਼ੇਰ ਨੇ ਨਿਕਲ ਕੇ ਬਾਦਸ਼ਾਹ ਉੱਪਰ ਹੱਲਾ ਕਰ ਦਿਤਾ । ਹਾਥੀ ਤੇ ਘੋੜੇ ਡਰ ਕੇ ਭੱਜ ਗਏ। ਗੋਲੀਆਂ ਤੇ ਤੀਰਾਂ ਦੀ ਵਰਖਾ ਕੀਤੀ ਗਈ, ਪਰ ਕੁੱਝ ਨਾ ਬਣਿਆ । ਬਾਦਸ਼ਾਹ ਭੈ ਭੀਤ ਹੋ ਗਿਆ । ਉਸ ਵਿਚ ਭੱਜਣ ਦੀ ਸ਼ਕਤੀ ਵੀ ਨਾ ਰਹੀ । ਉਸ ਨੇ ਗੁਰੂ ਜੀ ਨੂੰ ਵਾਸਤਾ ਪਾਇਆ ਕਿ ਮੈਨੂੰ ਬਚਾਓ । ਗੁਰੂ ਜੀ ਨੇ ਢਾਲ ਤਲਵਾਰ ਲੈ ਕੇ ਸ਼ੇਰ ਉਪਰ ਹੱਲਾ ਕੀਤਾ ਅਤੇ ਉਸ ਨੂੰ ਢੇਰੀ ਕਰ ਦਿਤਾ। ਬਾਦਸ਼ਾਹ ਨੇ ਗੁਰੂ ਜੀ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਆਪ ਨੇ ਮੈਨੂੰ ਯਕੀਨੀ ਮੌਤ ਦੇ ਮੂੰਹੋਂ ਬਚਾਇਆ ਹੈ।

ਇਸ ਤੋਂ ਮਗਰੋਂ ਬਾਦਸ਼ਾਹ ਆਗਰੇ ਗਿਆ ਅਤੇ ਗੁਰੂ ਜੀ ਨੂੰ ਨਾਲ ਲੈ ਗਿਆ। ਇਸ ਤਰ੍ਹਾਂ ਉਨ੍ਹਾਂ ਦਾ ਆਦਰ ਸਤਕਾਰ ਕਰ ਕੇ ਬਾਦਸ਼ਾਹ ਨੇ ਉਨ੍ਹਾਂ ਨੂੰ ਆਪਣਾ ਮਿੱਤਰ ਬਣਾਉਣ ਦਾ ਯਤਨ ਕੀਤਾ। ਉਸ ਨੂੰ ਯਕੀਨ ਹੋ ਗਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਸਿੱਖਾਂ ਨੂੰ ਤੇ ਉਨਾਂ ਦੇ ਗੁਰੂ ਨੂੰ ਭੈ ਭੀਤ ਕਰਨ ਦੀ ਥਾਂ ਦਲੇਰ ਤੇ ਨਿਰਭੈ ਕਰ ਦਿਤਾ ਹੈ । ਉਸ ਨੇ ਸੋਚ ਵਿਚਾਰ ਕੇ ਫੈਸਲਾ ਕੀਤਾ ਕਿ ਇਨ੍ਹਾਂ ਨੂੰ ਦਬਾਉਣਾ ਚਾਹੀਦਾ ਹੈ, ਨਹੀਂ ਤਾਂ ਇਹ ਠੀਕ ਹੀ ਖ਼ਤਰਨਾਕ ਸਾਬਤ ਹੋਣਗੇ । ਇਸ ਖਿਆਲ ਨਾਲ ਉਸ ਨੇ ਗੁਰੂ ਜੀ ਨੂੰ ਬਾਰਾਂ ਸਾਲ ਦੀ ਕੈਦ ਦਾ ਹੁਕਮ ਦੇ ਕੇ ਤੇ ਸ਼ਾਹੀ ਕੈਦੀ ਬਣਾ ਕੇ ਗਵਾਲੀਅਰ ਦੇ ਕਿਲ੍ਹੇ ਵਿੱਚ ਭੇਜ ਦਿਤਾ । ਪੰਜ ਸਿੱਖ ਆਪ ਦੇ ਨਾਲ ਗਏ । ਉਸ ਕਿਲ੍ਹੇ ਵਿਚ ਅੱਗੇ ਹੀ 52 ਰਾਜੇ ਕੈਦ ਸਨ।

ਗਵਾਲੀਅਰ ਪਹੁੰਚ ਕੇ ਗੁਰੂ ਜੀ ਨੇ ਉਹ ਵਧੀਆ ਖੁਰਾਕ ਖਾਣੋਂ ਨਾਂਹ ਕਰ ਦਿੱਤੀ ਜੋ ਬਾਦਸ਼ਾਹ ਦੇ ਹੁਕਮ ਨਾਲ ਆਪ ਨੂੰ ਦਿੱਤੀ ਜਾਂਦੀ ਸੀ। ਆਪ ਨੇ ਇਹ ਸਭ ਖੁਰਾਕ ਆਪਣੇ

ਸਾਥੀ ਕੈਦੀਆਂ52 ਰਾਜਿਆਂ ਵਿਚ ਵੰਡੀ ਜਾਣ ਦੀ ਆਗਿਆ ਕੀਤੀ। ਆਪ ਦੇ ਖਰਚ ਲਈ ਜੋ ਰਕਮ ਆਉਂਦੀ, ਉਹ ਸਾਰੀ ਆਪ ਰਾਜਿਆਂ ਦੇ ਖ਼ਰਚ ਲਈ ਦੇ ਦਿਆ ਕਰਨ। ਇਸ ਤਰ੍ਹਾਂ ਗੁਰੂ ਜੀ ਦੇ ਆਉਣ ਨਾਲ ਉਨ੍ਹਾਂ ਰਾਜਿਆਂ ਦੀ ਖੁਰਾਕ ਤੇ ਪੁਸ਼ਾਕ ਚੰਗੀ ਹੋ ਗਈ। ਉਹ ਆਪ ਕੇਵਲ ਉਹੋ ਸਾਦੀ ਖੁਰਾਕ ਖਾਂਦੇ ਸਨ ਜਿਹੜੀ, ਉਨ੍ਹਾਂ ਦੇ ਸਿੱਖ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰ ਕੇ ਲਿਆ ਦੇਂਦੇ ਸਨ ।

ਗੁਰੂ ਜੀ ਦੀ ਕੈਦ ਦੀ ਖ਼ਬਰ ਨੇ ਸਿੱਖਾਂ ਵਿਚ ਬੇਚੈਨੀ ਪੈਦਾ ਕਰ ਦਿੱਤੀ। ਥਾਂ ਥਾਂ ਤੋਂ ਜਥੇ ਬਣਾ ਬਣਾ ਕੇ ਸਿੱਖ ਗਵਾਲੀਅਰ ਪਹੁੰਚਦੇ । ਖੁਲ੍ਹੀਆਂ ਮੁਲਾਕਾਤਾਂ ਦੀ ਆਗਿਆ ਨਹੀਂ ਸੀ। ਇਸ ਕਰਕੇ ਉਹ ਕਿਲ੍ਹੇ ਦੀ ਕੰਧ ਨੂੰ ਚੁੰਮ ਕੇ ਤੇ ਮੱਥਾ ਟੇਕ ਕੇ ਮੁੜ ਆਉਂਦੇ । ਮਾਤਾ ਗੰਗਾ ਜੀ ਨੇ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਮੁਲਾਕਾਤ ਤੇ ਖ਼ਬਰ ਸੁਰਤ ਲਈ ਭੇਜਿਆ । ਗੁਰੂ ਜੀ ਨੇ ਉਨ੍ਹਾਂ ਨੂੰ ਧੀਰਜ ਦਿੱਤੀ, ਸਭ ਸਿੱਖ ਸੰਗਤਾਂ ਨੂੰ ਚੜਦੀਆਂ ਕਲਾਂ ਵਿੱਚ ਰਹਿਣ ਦਾ ਉਪਦੇਸ਼ ਦਿੱਤਾ ਅਤੇ ਅੰਤ ਵਿਚ ਕਿਹਾ, 'ਅਸੀਂ ਬੜੇ ਅਨੰਦ ਵਿਚ ਰਹਿੰਦੇ ਤੇ ਇਕਾਂਤ ਵਿੱਚ ਨਾਮ ਜਪਦੇ ਹਾਂ । ਸਾਡੇ ਸਾਥੀ ਕੈਦੀ ਰਾਜੇ ਸਾਡੇ ਕਰਕੇ ਸੁਖੀ ਹਨ । ਉਹ ਗੁਰੂ ਨਾਨਕ ਦੇ ਲੜ ਲੱਗ ਗਏ ਹਨ । ਅਸੀਂ ਛੇਤੀ ਹੀ ਆਵਾਂਗੇ । ਕਰਤਾਰ ਨੂੰ ਚੇਤੇ ਰੱਖੋ ।'

ਕਿਲ੍ਹੇ ਦਾ ਦਰੋਗਾ, ਹਰੀ ਦਾਸ, ਗੁਰੂ ਘਰ ਦਾ ਪਰੇਮੀ ਸੀ । ਉਹ ਹਰ ਤਰ੍ਹਾਂ ਗੁਰੂ ਜੀ ਦੀ ਸੇਵਾ ਕਰਦਾ ਰਿਹਾ। ਚੰਦੂ ਨੇ ਹਰਦਾਸ ਨੂੰ ਬਹੁਤ ਸਾਰਾ ਲਾਲਚ ਦੇ ਕੇ ਕਿਹਾ ਕਿ ਗੁਰੂ ਜੀ ਨੂੰ ਜ਼ਹਿਰ ਦੇ ਕੇ ਮਾਰ ਦਿਓ । ਉਸ ਨੇ ਉਹ ਚਿਠੀ ਗੁਰੂ ਜੀ ਦੇ ਅਗੇ ਧਰ ਦਿੱਤੀ । ਕੁਝ ਚਿਰ ਮਗਰੋਂ ਚੰਦੂ ਨੇ ਸੁੰਦਰ, ਪਰ ਮਾਰੂ ਜ਼ਹਿਰ ਵਾਲੇ ਬਸਤਰ ਹਰੀਦਾਸ ਨੂੰ ਭੇਜੇ ਅਤੇ ਕਿਹਾ ਕਿ ਇਹ ਗੁਰੂ ਜੀ ਨੂੰ ਪਹਿਨਾ ਦਿਓ । ਪਰ ਹਰੀਦਾਸ ਨੇ ਇਹ ਚਿੱਠੀ ਵੀ ਗੁਰੂ ਜੀ ਦੇ ਅੱਗੇ ਧਰ ਦਿੱਤੀ ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਕੈਦ ਵਿਰੁੱਧ ਸਿੱਖਾਂ ਅਤੇ ਗੁਰੂ-ਘਰ ਦੇ ਪ੍ਰੇਮੀਆਂ ਤੋਂ ਇਲਾਵਾ ਕਈ ਨੇਕ-ਦਿਲ ਮੁਸਲਮਾਨਾਂ ਨੇ ਵੀ ਆਵਾਜ਼ ਉਠਾਈ । ਨਤੀਜਾ ਇਹ ਹੋਇਆ ਕਿ ਬਾਦਸ਼ਾਹ ਨੇ ਦੋ ਕੁ ਸਾਲ ਦੀ ਕੈਦ ਮਗਰੋਂ ਗੁਰੂ ਜੀ ਦੀ ਰਿਹਾਈ ਦਾ ਹੁਕਮ ਦੇ ਦਿੱਤਾ। ਇਹ ਹੁਕਮ ਲੈ ਕੇ ਵਜ਼ੀਰ ਖਾਂ ਗਵਾਲੀਅਰ ਪੁੱਜਾ। ਗੁਰੂ ਜੀ ਦੀ ਰਿਹਾਈ ਦੇ ਆਏ ਹੁਕਮ ਸੁਣ ਕੇ ਕੈਦੀ ਰਾਜਿਆਂ ਨੂੰ ਬੜਾ ਦੁੱਖ ਹੋਇਆ ਕਿ ਮਗਰੋਂ ਸਾਡਾ ਫੇਰ ਉਹੋ ਹਾਲ ਹੋਵੇਗਾ ਜੋ ਗੁਰੂ ਜੀ ਦੇ ਆਉਣ ਤੋਂ ਪਹਿਲਾਂ ਸੀ। ਪਰ ਗੁਰੂ ਜੀ ਨੇ ਵਜ਼ੀਰ ਖਾਂ ਨੂੰ ਕਹਿ ਦਿੱਤਾ ਕਿ ਅਸੀਂ ਇਕੱਲੇ ਨਹੀਂ ਜਾਵਾਂਗੇ, ਸਗੋਂ ਆਪਣੇ 52 ਸਾਥੀ ਕੈਦੀਆਂ ਨੂੰ ਨਾਲ ਲੈ ਕੇ ਜਾਵਾਂਗੇ। ਵਜ਼ੀਰ ਖਾਂ ਨੇ ਦਿੱਲੀ ਜਾ ਕੇ ਇਹ ਗੱਲ ਬਾਦਸ਼ਾਹ ਨੂੰ ਦੱਸੀ । ਬਾਦਸ਼ਾਹ ਨੇ ਕਿਹਾ ਕਿ ਜਿੰਨੇ ਕੈਦੀ ਰਾਜੇ ਗੁਰੂ ਜੀ ਦਾ ਹੱਥ ਜਾਂ ਪੱਲਾ ਫੜ ਕੇ ਆ ਸਕਣ, ਉਹ ਛੱਡ ਦਿੱਤੇ ਜਾਣ। 52 ਕੈਦੀ ਰਾਜਿਆਂ ਨੂੰ ਨਿਰਾਸਤਾ ਜਿਹੀ ਹੋ ਗਈ ਕਿ ਗੁਰੂ ਜੀ ਦਾ ਪੱਲਾ ਜਾਂ ਹੱਥ ਫੜ ਕੇ ਭਲਾ ਕਿੰਨੇ ਕੁ ਨਿਕਲ ਸਕਣਗੇ । ਪਰ ਗੁਰੂ ਜੀ ਨੇ ਸਭ ਨੂੰ ਹੌਂਸਲਾ ਦਿੱਤਾ। ਆਪ ਪੰਜਾਹ ਕਲੀਆਂ ਵਾਲਾ ਜਾਮਾ ਪਹਿਨਦੇ ਹੁੰਦੇ ਸਨ। ਆਪ ਨੇ ਪੰਜਾਹ ਰਾਜਿਆਂ ਨੂੰ ਆਪਣੇ ਜਾਮੇ ਦੀ ਇਕ ਇਕ ਕਲੀ ਫੜਾ ਲਈ, ਦੋਹ ਨੂੰ ਆਪਣੇ ਹੱਥ ਫੜਾ ਲਏ ਅਤੇ ਸਭ ਨੂੰ ਨਾਲ ਲੈ ਕੇ ਕਿਲ੍ਹੇ ਤੋਂ ਬਾਹਰ ਆ ਗਏ। ਉਸ ਦਿਨ ਤੋਂ ਆਪ ਦਾ ਨਾਂ 'ਬੰਦੀ-ਛੋੜ' -ਕੈਦੀ ਛਡਾਉਣ ਵਾਲਾ -ਪੈ ਗਿਆ। ਉਸ ਕਿਲ੍ਹੇ ਵਿਚ ਇਕ ਤਾਲ ਦੇ ਕੰਢੇ ਇਕ ਅਸਥਾਨ ਬਣਿਆ ਹੋਇਆ ਕਾਇਮ ਹੈ। ਇਥੇ ਲੋਹੇ ਦੀ ਫੱਟੀ ਉਪਰ 'ਬੰਦੀ-ਛੋੜ ਦਾਤਾ' ਸ਼ਬਦ ਲਿਖੇ ਹੋਏ ਹਨ।

ਗੁਰੂ ਜੀ ਗਵਾਲੀਅਰ ਤੋਂ ਦਿੱਲੀ ਪੁਜੇ ਅਤੇ ਮਜਨੂੰ ਦੇ ਟਿੱਲੇ ਤੇ ਜਾ ਟਿਕੇ। ਬਾਦਸ਼ਾਹ ਆਪ ਦੇ ਦਰਸ਼ਨਾਂ ਨੂੰ ਆਇਆ। ਵਜ਼ੀਰ ਖਾਂ ਆਦਿ ਦੇ ਸਾਰੀ ਗਲ ਦੱਸਣ ਤੇ ਬਾਦਸ਼ਾਹ ਜਹਾਂਗੀਰ ਨੂੰ ਨਿਸਚਾ ਹੋ ਗਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਬਾਰੇ ਉਸ ਨੂੰ ਗਲਤ ਰਾਹੇ ਪਾਇਆ ਗਿਆ ਸੀ। ਉਸ ਨੇ ਗੁਰੂ ਜੀ ਨੂੰ ਕਸ਼ਟ ਤਸੀਹੇ ਦੇਣ ਤੋਂ ਇਸ ਤਰ੍ਹਾਂ ਸ਼ਹੀਦ ਕਰਨ ਦਾ ਸਾਰਾ ਦੋਸ਼ ਚੰਦੂ ਦੇ ਸਿਰ ਥੱਪਿਆ ਅਤੇ ਸਮੇਂ ਦੀ ਪਰਚਲਤ ਮਰਯਾਦਾ ਮੁਜਬ ਉਸ ਨੂੰ ਗੁਰੂ ਜੀ ਦੇ ਹਵਾਲੇ ਕਰਕੇ ਕਿਹਾ, "ਤੁਸੀਂ ਇਸ ਤੋਂ ਬਦਲਾ ਲੈਣ ਲਈ ਜਿਵੇਂ ਚਾਹੋ ਇਸ ਨਾਲ ਸਲੂਕ ਕਰੋ।" ਚੰਦੂ ਦੀਆਂ ਮੁਸ਼ਕਾਂ ਤਾੜ ਕੇ ਉਸ ਨੂੰ ਛਿਤਰਾਇਆ ਤੇ ਲਾਹੌਰ ਦੇ ਬਾਜ਼ਾਰਾਂ ਵਿਚ ਫਿਰਾਇਆ ਗਿਆ । ਚਾਰ ਚੁਫੇਰਿਓਂ ਉਸ ਦੇ ਸਿਰ ਉੱਪਰ ਤੇ ਮੂੰਹ ਤੇ ਖੇਹ ਸਵਾਹ ਦੇ ਬੁੱਕਾਂ ਦੇ ਬੁੱਕ ਪੈਂਦੇ ਸਨ। ਗੁਰਦਿੱਤੇ ਭੜਭੂੰਜੇ ਨੇ, ਜਿਸ ਨੇ ਚੰਦੂ ਦੇ ਆਖੇ ਲੱਗ ਕੇ ਗੁਰੂ ਅਰਜਨ ਦੇਵ ਜੀ ਉਤੇ ਤੱਤੀ ਰੇਤ ਪਾਈ ਸੀ, ਇਸ ਪਾਪੀ ਨੂੰ ਕੜਛਾ ਮਾਰ ਕੇ ਮਾਰ ਘੱਤਿਆ।

ਇਸ ਤੋਂ ਮਗਰੋਂ ਜਹਾਂਗੀਰ ਦੇ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧ ਚੰਗੇ ਰਹੇ । ਗਵਾਲੀਅਰ ਤੋਂ ਆਇਆਂ ਗੁਰੂ ਜੀ ਨੂੰ ਉਸ ਨੇ ਚੋਖਾ ਚਿਰ ਆਪਣੇ ਪਾਸ ਆਦਰ ਭਾ ਨਾਲ ਰਖਿਆ, ਉਨ੍ਹਾਂ ਨਾਲ ਸ਼ਿਕਾਰ ਖੇਡਣ ਜਾਂਦਾ ਰਿਹਾ ਅਤੇ ਉਨ੍ਹਾਂ ਦੀ ਬੜੀ ਕਦਰ ਕਰਦਾ ਰਿਹਾ। ਕੁਝ ਚਿਰ ਮਗਰੋਂ, ਕਸ਼ਮੀਰ ਜਾਂਦਾ ਹੋਇਆ, ਜਹਾਂਗੀਰ ਬਾਦਸ਼ਾਹ ਅੰਮ੍ਰਿਤਸਰ ਵੀ ਆਇਆ । ਉਸ ਨੇ ਗੁਰੂ ਜੀ ਨੂੰ ਕਿਹਾ, 'ਜੇ ਆਗਿਆ ਕਰੋ, ਤਾਂ ਸ੍ਰੀ ਅਕਾਲ ਤਖਤ ਦੀ ਇਮਾਰਤ ਸ਼ਾਹੀ ਖਰਚ ਤੇ ਮੁਕੰਮਲ ਕਰਵਾ ਦਿੱਤੀ ਜਾਵੇ।' ਗੁਰੂ ਜੀ ਨੇ ਉੱਤਰ ਦਿੱਤਾ, "ਇਹ ਧਰਮ ਤੇ ਨਿਆਂ ਦਾ ਤਖਤ ਹੈ । ਇਸ ਦੀ ਇਮਾਰਤ ਸਿੱਖਾਂ ਦੀ ਮਿਹਨਤ ਤੇ ਧਰਮ-ਕਿਰਤ ਨਾਲ ਹੀ ਬਣਨੀ ਚਾਹੀਦੀ ਹੈ।"

ਇਸ ਤੋਂ ਮਗਰੋਂ ਜਹਾਂਗੀਰ ਦੇ ਸਮੇਂ ਗੁਰੂ ਜੀ ਪੂਰਨ ਅਮਨ ਵਿਚ ਰਹਿ ਸਕੇ ਅਤੇ ਸਿੱਖੀ ਦੇ ਪਰਚਾਰ ਵਲ ਪੂਰਾ ਪੂਰਾ ਧਿਆਨ ਦੇ ਸਕੇ ।

--------------

# ਨਾਮਧਾਰੀ ਲਹਿਰ
## ਇਕ ਸਮਾਜ ਵਿਗਿਆਨਕ ਦ੍ਰਿਸ਼ਟੀਕੋਣ

- ਡਾ.ਹਰਵਿੰਦਰ ਸਿੰਘ ਭੱਟੀ

ਨਾਮਧਾਰੀ ਲਹਿਰ ਪੰਜਾਬੀ ਇਤਿਹਾਸ ਅਤੇ ਸਮਾਜ ਦਾ ਇਕ ਬਹੁਤ ਹੀ ਮਹੱਤਵਪੂਰਨ ਪਰ ਅਣਗੋਲਿਆ ਪੱਖ ਹੈ। ਇਤਿਹਾਸਕਾਰਾਂ ਨੇ ਇਸਨੂੰ ਲੋੜੀਂਦੀ ਗੰਭੀਰਤਾ ਨਾਲ ਨਹੀਂ ਵਿਚਾਰਿਆ, ਸਮਾਜ ਨੇ ਇਸ ਲਹਿਰ ਨੂੰ ਅੱਖਾਂ ਮੀਚ ਕੇ ਲੰਘ ਜਾਣ ਦਾ ਰੁੱਖ ਅਪਣਾਇਆ। ਇਸ ਲਹਿਰ ਪ੍ਰਤੀ ਰਵੱਈਏ ਦੇ ਕਈ ਕਾਰਨ ਹਨ । ਇਹਨਾਂ ਦੀ ਚਰਚਾ ਕਰਨ ਤੋਂ ਪਹਿਲਾਂ ਇਸ ਗੱਲ ਦੀ ਚਰਚਾ ਕਰਨੀ ਜ਼ਰੂਰੀ ਹੈ ਕਿ ਇਸਨੂੰ ਮੁੜ ਸਮਝਣ ਅਤੇ ਸਮਝਾਉਣ ਦੀ ਕਿਉਂ ਜ਼ਰੂਰਤ ਹੈ।

ਇਹ ਲਹਿਰ ਪੰਜਾਬੀ ਇਤਿਹਾਸ ਦੇ ਉਸ ਮੋੜ ਉੱਪਰ ਉੱਭਰੀ ਜੋ ਕਿ ਮੌਜੂਦਾ ਪੰਜਾਬ ਦੀ ਕਿਸਮਤ ਸਿਰਜਣ ਵਿਚ ਬਹੁਤ ਹੀ ਅਹਿਮ ਹੈ। ਇਹ ਰਣਜੀਤ ਸਿੰਘ ਦੇ ਰਾਜ ਦੇ ਖਾਤਮੇ ਅਤੇ ਅੰਗਰੇਜ਼ਾਂ ਦੇ ਪੰਜਾਬ ਉਪਰ ਕਬਜ਼ੇ ਤੋਂ ਬਾਅਦ ਇਹ ਪਹਿਲੀ ਅਜਿਹੀ ਲਹਿਰ ਸੀ ਜੋ ਕਿ ਪੰਜਾਬ ਦੇ ਬਸਤੀਕਰਨ ਪ੍ਰਤੀ ਪਹਿਲਾ ਅਤੇ ਵਿਆਪਕ ਪ੍ਰਤੀਕਰਮ ਸੀ । ਇਹ ਲਹਿਰ ਜਲਦ ਹੀ ਇਕ ਲਹਿਰ ਤੋਂ ਇਕ ਧਾਰਮਿਕ ਫਿਰਕੇ ਵਿਚ ਬਦਲ ਗਈ ਜਿਸ ਵਿਚ ਅੱਜ ਵੀ ਇਸਦੇ ਮੂਲ ਤੱਤ ਅਤੇ ਆਤਮਿਕ ਸ਼ੁੱਧਤਾ ਦੀ ਝਲਕ ਮਿਲਦੀ ਹੈ । ਬਸਤਤੀਵਾਦ ਤੋਂ ਪਹਿਲਾਂ ਦੇ ਪੰਜਾਬੀ ਬੌਧਿਕ ਅਤੇ ਆਤਮਿਕ ਸੰਸਾਰ ਨੂੰ ਸਮਝਣ ਲਈ ਇਸ ਲਹਿਰ ਦਾ ਨਿਰਪੱਖ ਵਿਸ਼ਲੇਸ਼ਣ ਜ਼ਰੂਰੀ ਹੈ । ਪੰਜਾਬ ਦਾ ਮੌਜੂਦਾ ਇਤਿਹਾਸਕ ਅਤੇ ਬੌਧਿਕ ਦ੍ਰਿਸ਼ਟੀਕੋਣ ਜੋ ਕਿ ਆਮ ਤੌਰ ਤੇ ਅੰਗਰੇਜ਼ਾਂ ਦੇ ਅਧੀਨ ਵਿਦਿਅਕ ਢਾਂਚੇ ਦੀ ਪੈਦਾਵਾਰ ਬੁੱਧੀਜੀਵੀਆਂ ਵੱਲੋਂ ਸਿਰਜਿਆ ਗਿਆ ਹੈ, ਬੁਨਿਆਦੀ ਤੌਰ ਤੇ ਬਸਤੀਵਾਦ ਤੋਂ ਅਛੂਤੇ ਪੰਜਾਬ ਨਾਲੋਂ ਵੱਖਰਾ ਹੈ। ਨਾਮਧਾਰੀ ਲਹਿਰ ਸਬੰਧੀ ਜੋ ਕੁਝ ਵੀ ਲਿਖਿਆ ਪੜ੍ਹਿਆ ਜਾਂ ਖੋਜਿਆ ਗਿਆ ਹੈ ਉਹ ਨਾ ਸਿਰਫ ਥੋੜਾ ਹੈ ਸਗੋਂ ਉਹ ਕੁਝ ਖਾਸ ਨੁਕਤਾ ਨਜ਼ਰਾਂ ਤੋਂ ਹੀ ਲਿਖਿਆ ਗਿਆ ਹੈ ਇਸ ਕਰਕੇ ਉਸਦੇ ਗੁਮਰਾਹਕੁੰਨ ਹੋਣ ਦਾ ਵੀ ਖਤਰਾ ਹੈ ।

ਇਸ ਲਹਿਰ ਸਬੰਧੀ ਮੌਜੂਦ ਲਿਖਤਾਂ ਮੋਟੇ ਤੌਰ ਤੇ ਹੇਠ ਲਿਖੇ ਅਨੁਸਾਰ ਸ਼੍ਰੇਣੀਬੱਧ ਕੀਤੀਆਂ ਜਾ ਸਕਦੀਆਂ ਹਨ। ਪਹਿਲੀ ਸ਼੍ਰੇਣੀ ਵਿਚ ਅੰਗਰੇਜ਼ ਅਫਸਰਾਂ ਵੱਲੋਂ ਲਿਖੇ ਪੱਤਰ, ਰੀਪੋਰਟਾਂ ਅਤੇ ਹੋਰ ਦਸਤਾਵੇਜ਼ ਜੋ ਕਿ ਸ੍ਰੀ ਨਾਹਰ ਸਿੰਘ ਵੱਲੋਂ ਇਕੱਤਰ ਕਰਕੇ ਛਪਵਾਏ ਗਏ ਹਨ।

1. Nahar Singh, 'Goroo Ram Singh and The Kuka Sikhs', 111 Vols. New Delhi, 1965 ਦੂਸਰੀ ਸ਼੍ਰੇਣੀ ਵਿਚ ਇਸ ਲਹਿਰ ਸਬੰਧੀ ਇਸਦੇ ਹੱਕ ਅਤੇ ਵਿਰੋਧ ਵਿਚ ਲਿਖਿਆਂ ਗਈਆਂ ਲਿਖਤਾਂ

2. Ganda Singh, Kukian Di Vithia, 1944

3. Amar Bharti,Sikh Itihas Ate Kuke,Navyug ParKashan, 1967 ਤੀਸਰੀ ਸ਼੍ਰੇਣੀ ਵਿਚ ਇਸਨੂੰ ਭਾਰਤ ਦੀ ਆਜ਼ਾਦੀ ਦੀ ਲਹਿਰ ਨਾਲ ਜੋੜਕੇ ਲਿਖੀਆਂ ਗਈਆਂ ਲਿਖਤਾਂ

4. Fauja Singh Bajwa,Kuka Movement : An important phase in punjab's Role in India's Freedom Struggle,Delhi, 1965

5. M.M. Ahluwalia, The Freedom Fighters of Punjab, Bombay 1965

6. Joginder Singh Kuka Movement: Freedom Struggle in Punjab, New Delhi 1985 ਚੌਥੀ ਸ਼੍ਰੇਣੀ ਵਿਚ ਇਸਨੂੰ ਇਤਿਹਾਸਕਾਰੀ ਦੇ ਸਿਧਾਂਤਕ ਚੌਖਟੇ ਵਿਚ ਰੱਖਕੇ ਵਿਆਖਿਆ ਕਰਨ ਹਿਤ ਲਿਖਿਆਂ ਲਿਖਤਾਂ

7.W H McLeod, 'The Kukas: A Millenarian Sect Of The Punjab' In G. A. Wood and P.S. O'Connor (Eds) W.P. Morrel: A Tribute (Dunedin, 1973), pp.85-103

8. Harjot Oberoi, 'Brotherhood of The Pure: The Poetics and Politics of Cultural Trangression, Modern Asia Studies, Vol. 26,No.1. (Feb., 1992), pp.157-197.

ਇਹਨਾਂ ਵਿਚ ਪਹਿਲੀ ਸ਼੍ਰੇਣੀ ਦੀਆਂ ਲਿਖਤਾਂ ਵਿਚ ਸਰਕਾਰੀ ਦਸਤਵੇਜ਼ ਹਨ ਜੋ ਕਿ ਬਾਅਦ ਵਿਚ ਕੀਤੀ ਗਈ ਖੋਜ ਦਾ ਆਧਾਰ ਬਣੇ ਹਨ । ਇਹ ਸਾਰੇ ਦਸਤਾਵੇਜ਼ ਮੁੱਖ ਤੌਰ ਤੇ ਸ੍ਰੀ ਨਾਹਰ ਸਿੰਘ ਵਲੋਂ ਬੜੀ ਮਿਹਨਤ ਅਤੇ ਲਗਨ ਨਾਲ ਇਕੱਤਰ ਕੀਤੇ ਗਏ ਹਨ ਜੋ ਕਿ ਇਸ ਲਹਿਰ ਪ੍ਰਤੀ ਜਾਣਕਾਰੀ ਦਾ ਮੁੱਖ ਸੋਮਾ ਹੈ। ਇਥੇ ਇਹ ਤੱਥ ਵੀ ਵਰਣਨਯੋਗ ਹੈ ਕਿ ਸਰਕਾਰੀ ਦਸਤਾਵੇਜ਼ਾਂ ਤੋਂ ਇਲਾਵਾ ਕੋਈ ਲੋਕਲ ਜਾਂ ਦੇਸੀ ਦਸਤਾਵੇਜ਼ ਨਾ ਹੋਣ ਕਾਰਨ ਜੋ ਤਸਵੀਰ ਉਭਰਦੀ ਹੈ ਉਸਦੇ ਇਕ ਪਾਸੜ ਹੋਣ ਦਾ ਖਤਰਾ ਹਮੇਸ਼ਾਂ ਹੀ

ਹੁੰਦਾ ਹੈ। ਪਰ ਫੇਰ ਵੀ ਸ੍ਰੀ ਨਾਹਰ ਸਿੰਘ ਜੀ ਵੱਲੋਂ ਕੀਤਾ ਗਿਆ ਯਤਨ ਨਿਸ਼ਚੇ ਹੀ ਬਹੁਤ ਸ਼ਲਾਘਾਯੋਗ ਹੈ।

ਦੂਸਰੀ ਸ਼੍ਰੇਣੀ ਦੀਆਂ ਲਿਖਤਾਂ ਵਿਚ ਸ੍ਰੀ ਗੰਡਾ ਸਿੰਘ ਪੰਜਾਬੀ ਇਤਿਹਾਸਕਾਰਾਂ ਦੇ ਸਿਰਮੌਰ ਗਿਣੇ ਜਾਂਦੇ ਹਨ ਪਰ ਕੂਕਾ ਇਤਿਹਾਸ ਬਾਰੇ ਉਹਨਾਂ ਦੀ ਲਿਖਤ ਕੂਕਿਆਂ ਦੀ ਵਿਥਿਆ, ਬਸਤੀਵਾਦੀ ਇਤਿਹਾਸਕਾਰੀ ਦਾ ਇਕ ਨਮੂਨਾ ਹੈ ਜਿਸ ਵਿਚ ਉਹਨਾਂ ਨੇ ਨਾ ਸਿਰਫ ਇਸ ਲਹਿਰ ਨੂੰ ਛੁਟਿਆਇਆ ਹੈ ਸਗੋਂ ਇਤਿਹਾਸਕ ਤੱਥਾਂ ਦੀ ਮਨਮਰਜ਼ੀ ਨਾਲ ਵਰਤੋਂ ਕਰਕੇ ਪੱਖਪਾਤੀ ਇਤਿਹਾਸਕਾਰੀ ਦਾ ਇਕ ਨਮੂਨਾ ਵੀ ਪੇਸ਼ ਕੀਤਾ ਹੈ। ਉਹਨਾਂ ਦੇ ਜਵਾਬ ਵਿਚ ਅਮਰ ਭਾਰਤੀ ਵਲੋਂ ਲਿਖੀ ਪੁਸਤਕ 'ਸਿਖ ਇਤਿਹਾਸ ਅਤੇ ਕੂਕੇ' ਇਸ ਇਤਿਹਾਸਕ ਅਸਾਵੇਂਪਣ ਨੂੰ ਦਰੁਸਤ ਕਰਨ ਦੀ ਇਕ ਕੋਸ਼ਿਸ਼ ਹੈ ਦੋਵੇਂ ਕਿਤਾਬਾਂ ਇਕੱਠੀਆਂ ਪੜਕੇ ਠੀਕ ਤਸਵੀਰ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ । ਅਮਰ ਭਾਰਤੀ ਨੇ ਡਾ. ਗੰਡਾ ਸਿੰਘ ਉਤੇ ''ਸਿੰਘ ਸਭੀਆ' ਇਤਿਹਾਸਕਾਰ ਹੋਣ ਦਾ ਦੋਸ਼ ਲਾਉਂਦਿਆਂ ਉਸਦੀ ਨਿਰਪੱਖਤਾ ਤੇ ਕਈ ਸਵਾਲ ਖੜੇ ਕੀਤੇ ਹਨ । ਇਥੇ ਵਰਣਨਯੋਗ ਹੈ ਡਾ: ਗੰਡਾ ਸਿੰਘ ਵਲੋਂ ਇਹ ਪੁਸਤਕ 1944 ਵਿਚ ਭਾਵ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਲਿਖੀ ਗਈ ਸੀ।

ਤੀਸਰੀ ਸ਼੍ਰੇਣੀ ਦੀਆਂ ਲਿਖਤਾਂ ਵਿਚ ਬਾਅਦ ਦੇ ਪੰਜਾਬੀ ਇਤਿਹਾਸਕਾਰਾਂ ਡਾ: ਫੌਜਾ ਸਿੰਘ ਬਾਜਵਾ ਅਤੇ ਸ੍ਰੀ ਐਸ.ਐਸ. ਆਹਲੂਵਾਲੀਆ ਅਤੇ ਸ. ਜੋਗਿੰਦਰ ਸਿੰਘ ਵੱਲੋਂ ਲਿਖੀਆਂ ਪੁਸਤਕਾਂ ਵਿਚ ਨਾਮਧਾਰੀ ਲਹਿਰ ਨੂੰ ਦੇਸ਼ ਭਗਤੀ ਦੇ ਪ੍ਰਸੰਗ ਵਿਚ ਪੇਸ਼ ਕੀਤਾ ਗਿਆ ਉਹਨਾਂ ਨੇ ਇਸ ਲਹਿਰ ਨੂੰ ਅੰਗਰੇਜ਼ੀ ਰਾਜ ਦੇ ਖਿਲਾਫ ਬਗਾਵਤ ਦੇ ਪ੍ਰਸੰਗ ਵਿਚ ਪੇਸ਼ ਕੀਤਾ ਹੈ । ਬੇਸ਼ੱਕ ਗਿਆਨੀ ਨਾਹਰ ਸਿੰਘ ਤੇ ਕ੍ਰਿਪਾਲ ਸਿੰਘ ਨੇ ਵੀ ਇਸ ਲਹਿਰ ਨੂੰ ਅੰਗਰੇਜ਼ੀ ਰਾਜ ਦੇ ਖਿਲਾਫ ਬਗਾਵਤ ਵਾਲੀ ਇਕ ਦੇਸ਼ ਭਗਤ ਲਹਿਰ ਦੇ ਤੌਰ ਤੇ ਹੀ ਵਿਚਾਰਿਆ ਪਰ ਨਾਹਰ ਸਿੰਘ ਅਤੇ ਕ੍ਰਿਪਾਲ ਸਿੰਘ ਦੀ ਇਸ ਲਹਿਰ ਦੇ ਇਤਿਹਾਸ ਸਬੰਧੀ ਖੋਜ ਨੂੰ ਸਭ ਤੋਂ ਵਡਮੁੱਲੀ ਦੇਣ ਇਹੀ ਹੈ ਕਿ ਉਹਨਾਂ ਬੜੀ ਮਿਹਨਤ ਅਤੇ ਲਗਨ ਦੇ ਨਾਲ ਇਸ ਲਹਿਰ ਸਬੰਧੀ ਅੰਗਰੇਜ਼ੀ ਰਾਜ ਦੇ ਸਾਰੇ ਦਸਤਾਵੇਜ਼ ਇਕੱਤਰ ਕੀਤੇ ਅਤੇ ਉਹਨਾਂ ਨੂੰ ਕਿਤਾਬ ਦੇ ਰੂਪ ਵਿਚ ਛਾਪਿਆ ਜੋ ਕਿ ਇਸ ਲਹਿਰ ਸਬੰਧੀ ਅੱਗੇ ਖੋਜ ਕਰਨ ਲਈ ਇਕ ਵਡਮੁੱਲਾ ਸੋਮਾ ਹਨ। ਪਰ ਇਸ ਸ਼੍ਰੇਣੀ ਦੇ ਸਾਰੇ ਲੇਖਕਾਂ ਦੀਆਂ ਰਚਨਾਵਾਂ ਆਜ਼ਾਦੀ ਤੋਂ ਬਾਅਦ ਦੀਆਂ ਹਨ ਇਸ ਕਰਕੇ ਉਹਨਾਂ ਉਤੇ ਉਸ ਸਮੇਂ ਦੀ ਮੋਹਰ ਸਪਸ਼ਟ ਨਜ਼ਰ ਆਉਂਦੀ ਹੈ।

ਚੌਥੀ ਸ਼੍ਰੇਣੀ ਵਿਚ ਕੁਝ ਆਧੁਨਿਕ ਵਿਦਵਾਨਾਂ ਮੈਕਲਾਇਡ (W.H.McLeod) ਅਤੇ ਹਰਜੋਤ ਉਬਰਾਏ ( Harjot Oberoi) ਨੇ ਇਸ ਲਹਿਰ ਦੀ ਸਿਧਾਂਤਕ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ।

ਮੈਕਲਾਇਡ (McLeod) ਨੇ ਇਸ ਲਹਿਰ ਨੂੰ ਸਮਝਣ ਲਈ ਪੱਛਮ ਵਿਚ ਬਸਤੀਵਾਦੀ ਵਿਰੋਧੀ ਲਹਿਰਾਂ ਨੂੰ ਸਮਝਣ ਲਈ ਵਰਤੇ ਜਾਂਦੇ ਮਾਡਲ (Millenarianism) ਦੇ ਨੁਕਤਾ ਨਜ਼ਰ ਤੋਂ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਹੈ Millenarianism ਦਾ ਮਾਡਲ ਬੁਨਿਆਦੀ ਤੌਰ ਤੇ ਇਸਾਈ ਧਰਮ ਵਿਚ ਹਜ਼ਾਰ ਸਾਲਾ ਚੱਕਰ ਨਾਲ ਸਬੰਧਤ ਹੈ ਜਿਸ ਅਨੁਸਾਰ ਇਕ ਹਜ਼ਾਰ ਸਾਲ ਬਾਅਦ ਐਸੀ ਯੁਗਪਲਟਾਊ ਤਬਦੀਲੀ ਆਉਂਦੀ ਹੈ ਕਿ ਸਭ ਕੁਝ ਤਹਿਸ ਨਹਿਸ ਹੋ ਜਾਂਦਾ ਹੈ ਅਤੇ ਨਵੇਂ ਸਿਰੇ ਤੋਂ ਸਿਰਜਣਾ ਹੁੰਦੀ ਹੈ। ਇਸ ਮਾਡਲ ਨੂੰ ਆਧਾਰ ਬਣਾ ਕੇ ਕੁਝ ਵਿਦਵਾਨਾਂ ਵੱਲੋਂ ਬਸਤੀਵਾਦੀ ਵਿਰੋਧੀ ਲਹਿਰਾਂ ਦਾ ਵਿਸ਼ਲੇਸ਼ਣ ਅਤੇ ਵਿਆਖਿਆ ਕੀਤੀ ਗਈ ਹੈ। ਮੈਕਲਾਇਡ ਅਨੁਸਾਰ ਨਾਮਧਾਰੀ ਲਹਿਰ ਵੀ ਉਹਨਾਂ ਲਹਿਰਾਂ ਨਾਲ ਮੇਲ ਖਾਂਦੀ ਹੈ ਜੋ ਬਸਤੀਵਾਦ ਦਾ ਸ਼ਿਕਾਰ ਹੋਏ ਅਜਿਹੇ ਸਮਾਜਕ ਗਰੁਪਾਂ ਵੱਲੋਂ ਚਲਾਈਆਂ ਜਾਂਦੀਆਂ ਹਨ ਜਿਹਨਾਂ ਦਾ ਸਭ ਕੁਝ ਬਸਤੀਵਾਦੀਆਂ ਦੁਆਰਾ ਲੁੱਟਿਆ ਗਿਆ ਹੁੰਦਾ ਹੈ ਅਤੇ ਉਹ ਅਜਿਹੀਆਂ ਲਹਿਰਾਂ ਰਾਹੀਂ ਇਸ ਖੁੱਸੀ ਹੋਈ ਸ਼ਾਨ ਨੂੰ ਪ੍ਰਤੀਕਾਤਮਕ ਤੌਰ ਤੇ ਮੁੜ ਪ੍ਰਾਪਤ ਕਰਨ ਦੀ ਕੋਸ਼ਿਸ਼ ਠੀਕ ਹੈ ਪਰ ਨਾਮਧਾਰੀ ਲਹਿਰ ਦਾ ਰਹੱਸ ਇਸ ਮਾਡਲ ਰਾਹੀਂ ਉਜਾਗਰ ਨਹੀਂ ਹੁੰਦਾ ਕਿਉਂਕਿ ਇਹ ਲਹਿਰ ਇਕ ਹੋਰ ਇਤਿਹਾਸਕ ਅਤੇ ਸਭਿਆਚਾਰਕ ਸੰਦਰਭ ਵਿਚ ਉੱਭਰੀ ਸੀ। ਬਸਤੀਵਾਦ ਦੀ ਵਿਰੋਧਤਾ ਤੋਂ ਇਲਾਵਾ ਜਿਸਦੀ ਪਿੱਠ ਭੂਮੀ ਵਿਚ ਨਾ ਸਿਰਫ ਸਿੱਖ ਧਰਮ ਸਗੋਂ ਸਮੁੱਚੀ ਭਾਰਤੀ ਆਤਮਿਕ ਪਰੰਪਰਾ ਅਤੇ ਸੂਫ਼ੀਆਂ ਦੀ ਰੂਹਾਨੀ ਪਰੰਪਰਾ ਦਾ ਵੀ ਯੋਗਦਾਨ ਹੈ। ਬਸਤੀਵਾਦ ਵਿਰੋਧੀ ਹੋਣਾ ਇਸਦਾ ਇਕ ਪੱਖ ਹੈ, ਇਸਦੀ ਸਮੁੱਚਤਾ ਨਹੀਂ। ਇਸ ਲਈ ਇਸਨੂੰ ਕੁਝ ਕਬੀਲਿਆਂ ਦੀਆਂ Cargo cults ਵਰਗੀਆਂ Millenarian ਲਹਿਰਾਂ ਦੇ ਪੈਮਾਨੇ ਨਾਲ ਮਾਪਣਾ ਆਪਣੇ ਆਪ ਵਿਚ ਹੀ ਇਕ ਬੇ-ਇਨਸਾਫੀ ਹੈ ।

ਹਰਜੋਤ ਉਬਰਾਏ (Harjot Oberoi) ਨੇ ਮੈਕਲਾਇਡ ਦੇ ਹੀ ਮਾਡਲ ਤੇ ਕੰਮ ਕਰਦਿਆਂ ਇਸਨੂੰ ਸਿੱਖਾਂ ਅੰਦਰ ਭਾਈ ਦੀ ਪਰੰਪਰਾ ਨਾਲ ਜੋੜਦਿਆਂ ਇਕ ਪਾਸੇ ਨਾਮਧਾਰੀ ਆਗੂ ਰਾਮ ਸਿੰਘ ਦਾ ਸਥਾਨ ਭਾਈ ਪਰੰਪਰਾ ਵਿਚ ਨਿਸ਼ਚਤ ਕਰਨ ਅਤੇ ਦੂਸਰੇ ਪਾਸੇ, ਕੂਕਿਆਂ ਦੀ ਸ਼ਹਾਦਤ ਦੇ ਰਹੱਸ ਨੂੰ ਉਹਨਾਂ ਵੱਲੋਂ ਸਿਰਜੇ ਪਵਿੱਤਰ ਆਤਮਿਕ ਬ੍ਰਹਿਮੰਡ ਅਤੇ ਉਸ ਵਿਚ ਸ਼ਾਮਿਲ ਰੂਹਾਨੀ

ਭਾਈਚਾਰੇ ਦੇ ਸੰਦਰਭ ਵਿਚ ਹਮਦਰਦੀ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਪਰ ਉਹਨਾਂ ਦੀ ਸੁਹਿਰਦ ਕੋਸ਼ਿਸ਼ ਦੇ ਬਾਵਜੂਦ ਰਹੱਸ ਹੋਰ ਰਹੱਸਮਈ ਹੋ ਗਿਆ ਹੈ ।

ਉਪਰੋਕਤ ਸਾਰੀਆਂ ਹੀ ਇਤਿਹਾਸਕਾਰੀ ਦੀਆਂ ਕੋਸ਼ਿਸ਼ਾਂ ਸ਼ਲਾਘਾਯੋਗ ਯਤਨ ਹਨ ਕਿਉਂਕਿ ਇਹਨਾਂ ਨੇ ਇਕ ਅਣਗੌਲੀ ਲਹਿਰ ਨੂੰ ਖੋਜਣ ਦਾ ਯਤਨ ਕੀਤਾ ਹੈ । ਪਰ ਨਾਮਧਾਰੀ ਲਹਿਰ ਨੂੰ ਸਮਝਣ ਲਈ ਹੋਰ ਗਹਿਰ ਗੰਭੀਰ ਅਤੇ ਵਿਆਪਕ ਯਤਨਾਂ ਦੀ ਜਰੂਰਤ ਹੈ । ਦਰਅਸਲ ਨਾਮਧਾਰੀ ਲਹਿਰ ਨੂੰ ਅਕਸਰ ਇਕ ਖਾਸ ਮਾਡਲ ਵਿਚ ਫਿੱਟ ਕਰਨ ਜਾਂ ਇਸਦੇ ਇਕ ਪੱਖ ਨੂੰ ਹੀ ਉਜਾਗਰ ਕਰਨ ਦੇ ਯਤਨ ਕੀਤੇ ਜਾਂਦੇ ਰਹੇ ਹਨ । ਬਹੁਤੇ ਵਿਦਵਾਨਾਂ ਨੇ ਇਸ ਲਹਿਰ ਨੂੰ ਦੇਸ਼ ਭਗਤੀ ਜਾਂ ਆਜ਼ਾਦੀ ਦੀ ਲੜਾਈ ਦੇ ਪ੍ਰਸੰਗ ਵਿਚ ਦੇਖਣ ਦੀ ਕੋਸ਼ਿਸ਼ ਕੀਤੀ ਹੈ । ਇਸ ਲਹਿਰ ਦੀ ਪੰਜਾਬ ਦੇ ਇਤਿਹਾਸ ਵਿਚ ਇਕ ਵਿਸ਼ੇਸ਼ ਥਾਂ ਏਸ ਕਰਕੇ ਬਣ ਜਾਂਦੀ ਹੈ ਕਿ ਇਹ ਪੁਰਾਣੇ ਮਧਯੁਗੀ ਪੰਜਾਬ ਅਤੇ ਆਧੁਨਿਕ ਪੰਜਾਬ ਵਿਚ ਤਬਦੀਲੀ ਦੇ ਮੋੜ ਉਪਰ ਉਭਰੀ, ਪਰ ਸਾਰੇ ਵਿਦਵਾਨ ਜਿਹਨਾਂ ਨੇ ਇਸ ਸਬੰਧੀ ਲਿਖਿਆ ਉਹ ਇਕ ਖਾਸ ਸਮਾਜਕ ਅਤੇ ਇਤਿਹਾਸਕ ਹਾਲਾਤ ਦੀ ਪੈਦਾਵਾਰ ਸਨ ਅਤੇ ਹਨ। ਇਸ ਕਰਕੇ ਇਸਨੂੰ ਸਮਝਣ ਸਮਝਾਉਣ ਦੇ ਵਿਚਾਰ ਪ੍ਰਬੰਧਾਂ ਉਪਰ ਬਸਤੀਵਾਦੀ ਵਿਦਵਤਾ ਦੀ ਅਮਿਟ ਛਾਪ ਹੈ। ਇਸ ਲਹਿਰ ਦੀ ਵਿਆਪਕਤਾ ਅਤੇ ਜਟਿਲਤਾ ਇਹਨਾਂ ਵਿਚਾਰਾਂ ਦੇ ਗੇੜ ਵਿਚ ਨਹੀਂ ਆਉਂਦੀ।

ਜੋ ਦੁਬਿਧਾ ਇਹ ਲਹਿਰ ਸਮਝਣ ਵਿਚ ਅੱਜ ਦੇ ਵਿਦਵਾਨਾਂ ਨੂੰ ਪਰੇਸ਼ਾਨ ਕਰ ਰਹੀ ਹੈ ਇਹੋ ਦੁਬਿਧਾ ਉਸ ਸਮੇਂ ਦੇ ਅੰਗਰੇਜ਼ ਹਾਕਮਾਂ ਨੂੰ ਵੀ ਤੰਗ ਕਰ ਰਹੀ ਸੀ। ਉਸ ਸਮੇਂ ਦਸਤਾਵੇਜਾਂ ਵਿਚੋਂ ਜੋ ਕਿ ਵੱਖ ਵੱਖ ਅਫਸਰਾਂ ਦੀਆਂ ਰਿਪੋਰਟਾਂ ਅਤੇ ਟਿੱਪਣੀਆਂ ਦੇ ਰੂਪ ਵਿਚ ਮਿਲਦੇ ਹਨ, ਇਹ ਤੱਥ ਸਭ ਤੋਂ ਵੱਧ ਸਪਸ਼ਟ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਅੰਗਰੇਜ਼ ਅਫਸਰ ਅਤੇ ਹਾਕਮ ਇਸ ਗੱਲ ਤੋਂ ਪਰੇਸ਼ਾਨ ਸਨ ਕਿ ਇਹ ਲਹਿਰ ਸਿਰਫ ਇਕ ਧਾਰਮਿਕ ਲਹਿਰ ਹੈ ? ਜਾਂ ਇਹ ਇਕ ਸਿਆਸੀ ਲਹਿਰ ਹੈ ? ਜਾਂ ਇਹ ਇਕ ਸਮਾਜ ਸੁਧਾਰ ਦੀ ਲਹਿਰ ਹੈ ? ਜਾਂ ਫਿਰ ਮੁਕੰਮਲ ਬਗਾਵਤ ਹੈ ।

ਇਹ ਸਵਾਲ ਅੱਜ ਵੀ ਜਿਉਂ ਦਾ ਤਿਉਂ McLeod ਅਤੇ ਹੋਰ ਵਿਦਵਾਨਾਂ ਨੂੰ ਪ੍ਰੇਸ਼ਾਨ ਕਰ ਰਿਹਾ ਹੈ ਕਿ ਆਖਿਰ ਇਸ ਲਹਿਰ ਦਾ ਮੁੱਖ ਮੁੱਦਾ ਕੀ ਸੀ ਅਤੇ ਇਸਦਾ ਮੁਖ ਖਾਸਾ ਕੀ ਸੀ ? ਇਸਨੂੰ ਕਿਸ ਤਰੀਕੇ ਨਾਲ ਸ਼੍ਰੇਣੀਬੱਧ ਕੀਤਾ ਜਾਵੇ ।ਮੌਜੂਦਾ ਲੇਖਕ ਦਾ ਵੀ ਇਸਨੂੰ ਵਿਆਪਕ ਸਮਾਜ ਵਿਗਿਆਨਕ ਪ੍ਰਸੰਗ ਵਿਚ ਦੇਖਿਆ ਜਾਵੇ ਤਾਂ ਇਸ ਪ੍ਰਤੀ ਸਾਡੀ ਸਮਝ ਹੋਰ ਸਪੱਸ਼ਟ ਅਤੇ ਗਹਿਰੀ ਜ਼ਰੂਰ ਹੋ ਸਕਦੀ ਹੈ।

## ਪ੍ਰਿਸ਼ਠਭੂਮੀ

ਰਣਜੀਤ ਸਿੰਘ ਦਾ ਕਾਲ ਜਿਥੇ ਪੰਜਾਬੀਆਂ ਅਤੇ ਖਾਸ ਕਰ ਸਿੱਖਾਂ ਦੀ ਹਰ ਪਾਸੇ ਚੜ੍ਹਤ ਦਾ ਸਮਾਂ ਸੀ ਉਥੇ ਉਸ ਵਿਚ ਕਈ ਖਾਮੀਆਂ ਵੀ ਸਨ ਜੋ ਸਮਾਂ ਪਾ ਕੇ ਹੋਰ ਵੀ ਜੋਰ ਫੜ ਗਈਆਂ। ਉਸਦੇ ਰਾਜ ਕਾਲ ਵਿਚ ਸਿਖ ਧਰਮ ਇਕ ਸਥਾਪਤੀ ਵਿਰੋਧੀ ਧਰਮ ਤੋਂ ਰਾਜ ਧਰਮ ਵਿਚ ਤਬਦੀਲ ਹੋਇਆ ਜਿਸ ਨਾਲ ਇਸ ਵਿਚ ਕਈ ਕੁਰੀਤੀਆਂ ਵੀ ਆਈਆਂ। ਜਿਸ ਤਰ੍ਹਾਂ ਆਮ ਤੌਰ ਤੇ ਕਿਸੇ ਧਰਮ ਨੂੰ ਹਾਕਮਾਂ ਵੱਲੋਂ ਅਪਣਾਏ ਜਾਣ ਤੇ ਉਸਦੀ ਸੰਸਥਾਗਤ ਤਰੱਕੀ ਤਾਂ ਹੁੰਦੀ ਹੈ ਉਥੇ ਹੀ ਉਸਦਾ ਆਤਮਿਕ ਨਿਘਾਰ ਵੀ ਸ਼ੁਰੂ ਹੋ ਜਾਂਦਾ ਹੈ। ਅਜਿਹੀਆਂ ਅਨੇਕਾਂ ਇਤਿਹਾਸਕ ਗਵਾਹੀਆਂ ਮਿਲਦੀਆਂ ਹਨ ਜਿਹਨਾਂ ਤੋਂ ਇਹ ਸਾਬਤ ਹੋ ਜਾਂਦਾ ਹੈ ਕੇ ਰਣਜੀਤ ਸਿੰਘ ਦੇ ਰਾਜ ਸਮੇਂ ਕੁਝ ਸਮਕਾਲੀ ਸਿੱਖ ਵੀ ਸਿੱਖ ਧਰਮ ਵਿਚ ਆ ਰਹੀਆਂ ਤਬਦੀਲੀਆਂ ਤੋਂ ਖੁਸ਼ ਨਹੀਂ ਸਨ।

ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਉਸਦੇ ਵਾਰਸਾਂ ਦਰਮਿਆਨ ਹੋਈ ਆਪਸੀ ਖਾਨਾਜੰਗੀ ਨੇ ਤਾਂ ਇਸ ਸਮੇਂ ਦੌਰਾਨ ਹੋਏ ਨੈਤਿਕ ਨਿਘਾਰ ਨੂੰ ਜੱਗ ਜਾਹਰ ਕਰ ਦਿੱਤਾ। ਸੱਤਾ ਦੀ ਅੰਨੀ ਭੁੱਖ, ਮੌਕਾਪ੍ਰਸਤੀ, ਆਪਸੀ ਕਤਲੋ ਗਾਰਤ ਅਤੇ ਬਹੁਤ ਸਾਰੇ ਆਗੂਆਂ ਵੱਲੋਂ ਕੀਤੀਆਂ ਸਾਜਿਸ਼ਾਂ ਅਤੇ ਗਦਾਰੀਆਂ ਐਸੀਆਂ ਮੂੰਹ ਬੋਲਦੀਆਂ ਮਿਸਾਲਾਂ ਹਨ ਜੋ ਉਸ ਸਮੇਂ ਦੇ ਨੈਤਿਕ ਨਿਘਾਰ ਦੀ ਨਿਸ਼ਾਨਦੇਹੀ ਕਰਦੀਆਂ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਹੁਤੇ ਲੋਕ ਸਿੱਖ ਰਾਜ ਦੀ ਅਧੋਗਤੀ ਦਾ ਕਾਰਨ ਨੈਤਿਕ ਗਿਰਾਵਟ ਨੂੰ ਸਮਝਣ ਲੱਗ ਪਏ ਸਨ। ਜਦੋਂ 1850 ਵਿਚ ਅੰਗਰੇਜ਼ਾਂ ਨੇ ਪੰਜਾਬ ਉੱਪਰ ਕਬਜ਼ਾ ਕੀਤਾ ਤਾਂ ਇਹ ਵਿਚਾਰ ਬਹੁਤ ਸਾਰੇ ਪੰਜਾਬੀਆਂ ਦੇ ਮਨ ਵਿਚ ਘਰ ਕਰ ਚੁੱਕਿਆ ਸੀ ।

## ਸਰਦਾਰ ਖਾਲਸਾ/ਸੰਤ ਖਾਲਸਾ

ਇਹ ਅਜਿਹਾ ਬੇਵਿਸ਼ਵਾਸੀ ਅਤੇ ਬੇਪਰਤੀਤੀ ਸਮਾਂ ਸੀ ਜਦੋਂ ਹਜਰੋਂ ਦੇ ਇਲਾਕੇ ਵਿਚ ਧਾਰਮਿਕ ਅਤੇ ਆਤਮਿਕ ਸ਼ੁਧਤਾ ਦੀ ਨਾਮਧਾਰੀ ਲਹਿਰ ਦੇ ਪ੍ਰਮੁੱਖ ਬਾਬਾ ਬਾਲਕ ਸਿੰਘ ਜੀ ਨੇ ਅਪਣਾ ਉਤਰਾ ਅਧਿਕਾਰੀ ਬਾਬਾ ਰਾਮ ਸਿੰਘ ਜੀ ਨੂੰ ਬਣਾਇਆ । ਅੰਗਰੇਜ਼ ਬਾਕੀ ਹਿੰਦੋਸਤਾਨ ਤੇ ਬੜੀ ਦੇਰ ਤੋਂ ਰਾਜ ਕਰ ਰਹੇ ਸਨ ਅਤੇ ਉਹਨਾਂ ਨੇ ਪੰਜਾਬ ਨੂੰ 1850 ਵਿਚ ਜਿੱਤ ਕੇ ਆਪਣਾ ਸੰਪੂਰਨ ਰਾਜ ਕਾਇਮ ਕੀਤਾ ਸੀ ਕਿ 1857 ਵਿਚ ਬਾਕੀ ਹਿੰਦੋਸਤਾਨ ਵਿਚ ਬਗਾਵਤ ਫੈਲ ਗਈ।

ਇਧਰ ਉਹ ਸਿੱਖ ਫੌਜ ਨੂੰ ਪੂਰੀ ਤਰਾਂ ਬਰਬਾਦ ਕਰਕੇ ਸਿੱਖ ਅਤੇ ਹੋਰ ਪੰਜਾਬੀ ਸਰਦਾਰਾਂ ਨੂੰ ਆਪਣੇ ਪੂਰੀ ਤਰਾਂ ਵਫਾਦਾਰ ਬਣਾਉਣ ਵਿਚ ਜੁਟੇ ਹੋਏ ਸਨ ਜਦੋਂ ਨਾਮਧਾਰੀਆਂ ਦੀ ਬਾਬਾ ਰਾਮ ਸਿੰਘ ਨੇ ਵਾਗਡੋਰ ਸੰਭਾਲੀ ਅਤੇ ਪੰਜਾਬ ਦੇ ਇਤਿਹਾਸ ਨੇ ਇਕ ਨਵੀਂ ਕਰਵਟ ਲਈ । ਇਹਨਾਂ ਸਮਿਆਂ ਵਿਚ ਹੀ ਨਾਮਧਾਰੀ ਲਹਿਰ ਦਾ ਮੁੱਖ ਕੇਂਦਰ ਹਜਰੋਂ ਤੋਂ ਬਦਲ ਕੇ ਭੈਣੀ ਸਾਹਿਬ ਬਣ ਗਿਆ ਜੋ ਕਿ ਸਤਿਗੁਰੂ ਰਾਮ ਸਿੰਘ ਦਾ ਜੱਦੀ ਪਿੰਡ ਸੀ। ਮੁੱਢਲੇ ਤੌਰ ਤੇ ਸਤਿਗੁਰੂ ਰਾਮ ਸਿੰਘ ਨੇ ਉਸ ਸਮੇਂ ਦੇ ਪਰਚਲਤ ਸਿੱਖ ਰੂਪ ਜੋ ਕਿ ਸਿਆਸੀ ਸੱਤਾ ਵਿਚ ਰੁਚੀ ਰੱਖਣ ਵਾਲਾ ਸਰਦਾਰ ਖਾਲਸਾ ਰੂਪ ਸੀ, ਨੂੰ ਰੂਹਾਨੀ ਸੱਤਾ ਕਾਇਮ ਕਰਨ ਵਾਲਾ ਸੰਤ ਖਾਲਸਾ ਬਣਾਉਣ ਦਾ ਬੀੜਾ ਚੁੱਕਿਆ। ਉਸਨੇ ਉਸ ਸਮੇਂ ਦੇ ਪਰਚਲਤ ਸਿੱਖ ਸਰੂਪ ਜੋ ਕਿ ਮੁੱਖ ਤੌਰ ਤੇ ਨਿਹੰਗ ਜਾਂ ਅਕਾਲੀ ਰੂਪ ਸੀ ਵਿਚ ਸੰਪੂਰਨ ਤਬਦੀਲੀ ਕਰਨ ਦਾ ਫੈਸਲਾ ਕੀਤਾ । ਇਸ ਨਵੇਂ ਖਾਲਸੇ ਦੇ ਪਹਿਰਾਵੇ ਖਾਣ ਪੀਣ, ਬੋਲਚਾਲ ਅਤੇ ਰੀਤੀ ਰਿਵਾਜ਼ ਤੱਕ ਉਸਨੇ ਸਾਰੇ ਪੱਖਾਂ ਦੀ ਮੁੜ ਸਿਰਜਣਾ ਕੀਤੀ ।

## ਬਸਤੀਵਾਦ ਦਾ ਵਿਰੋਧ

ਲੁਧਿਆਣਾ ਅੰਗਰੇਜ਼ੀ ਸਰਕਾਰ ਦਾ ਮੁੱਖ ਕੇਂਦਰ ਸੀ ਇਥੋਂ ਹੀ ਉਹਨਾਂ ਨੇ 1836 ਵਿਚ ਆਪਣਾ ਛਾਪਾਖਾਨਾ ਲਗਾ ਕੇ ਮਿਸ਼ਨਰੀ ਕੰਮ ਸ਼ੁਰੂ ਕਰ ਦਿੱਤਾ ਸੀ । ਨਾਮਧਾਰੀ ਲਹਿਰ ਦਾ ਕੇਂਦਰ ਭੈਣੀ ਸਾਹਿਬ ਦੇ ਬਣਨ ਨਾਲ , ਦੋਵੇਂ ਧਿਰਾਂ ਵਿਚ ਸਿੱਧਾ ਜਾਂ ਅਸਿੱਧਾ ਸੰਵਾਦ ਹੋਣਾ ਲਾਜ਼ਮੀ ਸੀ । ਨਾਮਧਾਰੀ ਲਹਿਰ ਲਈ ਇਹ ਸੰਵਾਦ ਤਿਕੋਣਾ ਸੀ, ਇਕ ਪਾਸੇ ਇਹ ਲਹਿਰ ਰਣਜੀਤ ਸਿੰਘ ਦੇ ਰਾਜਕਾਲ ਵਿਚ ਵਿਗੜੇ ਖਾਲਸਾ ਰੂਪ ਨਾਲ ਸੰਵਾਦ ਰਚਦਿਆਂ ਇਕ ਨਵਾਂ ਆਤਮਿਕ ਸੰਸਾਰ ਸਿਰਜ ਰਹੀ ਸੀ। ਪਰ ਇਸ ਸਾਰੇ ਕੁਝ ਦੇ ਬਾਵਜੂਦ ਇਸ ਲਹਿਰ ਦਾ ਮੁੱਖ ਜ਼ੋਰ ਆਤਮਿਕ ਸ਼ੁੱਧੀ, ਸਮਾਜ ਸੁਧਾਰ ਅਤੇ ਭਾਰਤੀ ਅਤੇ ਪੰਜਾਬੀ ਰੂਹਾਨੀ ਪਰੰਪਰਾ ਦੀ ਮੁੜ ਸੁਰਜੀਤੀ ਉੱਪਰ ਸੀ। ਇਥੇ ਇਹ ਵੀ ਵਰਣਨਯੋਗ ਹੈ ਪੰਜਾਬ ਦੇ ਰਜਵਾੜੇ ਅਤੇ ਸਰਦਾਰ ਸਭ ਤੋਂ ਪਹਿਲਾਂ ਅੰਗਰੇਜ਼ਾਂ ਦੇ ਹਮਾਇਤੀ ਬਣ ਗਏ ਸਨ ਅਤੇ ਨਾਮਧਾਰੀ ਲਹਿਰ ਨਾਲ ਉਹਨਾਂ ਦਾ ਸ਼ੁਰੂ ਤੋਂ ਹੀ ਵਿਰੋਧ ਵਾਲਾ ਰਿਸ਼ਤਾ ਬਣ ਗਿਆ ਸੀ ।ਨਾਮਧਾਰੀਆਂ ਦੀ ਨਜ਼ਰ ਵਿਚ ਇਹ ਲੋਕ ਹੀ ਪੰਜਾਬੀਆਂ ਦੇ ਨੈਤਿਕ ਪਤਨ, ਸਮਾਜਿਕ ਅਤੇ ਭਾਈਚਾਰਕ ਮੰਦਹਾਲੀ ਲਈ ਜ਼ਿੰਮੇਵਾਰ ਸਨ ।

ਸਮੁੱਚੇ ਤੌਰ ਤੇ ਪੰਜਾਬ ਵਿਚ ਅੰਗਰੇਜ਼ਾਂ ਦੀ ਆਮਦ ਅਰਥਾਤ ਬਸਤੀਵਾਦ ਦੀ ਸਥਾਪਨਾ ਨੂੰ ਸਮਝਣ ਲਈ ਵੱਖ ਵੱਖ ਕਿਸਮ ਦੇ ਪ੍ਰਤੀਕਰਮਾਂ ਵਜੋਂ ਉੱਠੀਆਂ ਲਹਿਰਾਂ ਦਾ ਪ੍ਰਸੰਗ ਕਾਫੀ ਮਹੱਤਵਪੂਰਨ ਹੈ । ਮਿਸਾਲ ਦੇ ਤੌਰ ਤੇ ਬਾਅਦ ਵਿਚ ਵੱਖ ਵੱਖ ਧਾਰਮਿਕ ਲਹਿਰਾਂ ਹਿੰਦੂ ਧਰਮ (ਆਰੀਆ ਸਮਾਜ) ਸਿੱਖ ਧਰਮ (ਸਿੰਘ ਸਭਾ) ਤੇ ਇਸਲਾਮ ਵਿਚ ਉੱਠੀਆਂ ਨੂੰ ਸਮਝਣਾ ਸੌਖਾ ਹੈ। ਇਹ ਮੁੱਖ ਤੌਰ ਤੇ ਆਪਣੇ ਧਰਮ ਸੁਧਾਰ ਕੇ ਅੰਗਰੇਜ਼ਾਂ ਨੂੰ ਮੇਚਦਾ ਜਾਂ ਉਹਨਾਂ ਨੂੰ ਜਚਣਹਾਰਾ ਬਣਾਉਣ ਦੀਆਂ ਲਹਿਰਾਂ ਸਨ ਜਿਹਨੂੰ ਅੰਗਰੇਜ਼ੀ ਪੜੀ ਲਿਖੀ ਮਿਡਲ ਕਲਾਸ ਨੇ ਸਮਾਜਿਕ ਆਧਾਰ ਮੁਹੱਈਆ ਕੀਤਾ ਸੀ ।

ਦੂਸਰੀ ਕਿਸਮ ਦੀਆਂ ਲਹਿਰਾਂ ਜੋ ਧਾਰਮਿਕ ਕੱਟੜਵਾਦ ਦੇ ਆਧਾਰ ਤੇ ਧਾਰਮਿਕ ਮੁੜ ਸੁਰਜੀਤੀ (Revivlism) ਦੀਆਂ ਲਹਿਰਾਂ ਸਨ ਉਹ ਭੂਤ ਕਾਲ ਦੇ ਕਿਸੇ ਖਿਆਲੀ ਸੁਨਹਿਰੀ ਯੁਗ ਦੀ ਕਲਪਨਾ ਦੇ ਆਧਾਰ ਤੇ ਬਸਤੀਵਾਦ ਦਾ ਵਿਰੋਧ ਕਰ ਰਹੀਆਂ ਸਨ ਇਹਨਾਂ ਦਾ ਸਮਾਜਿਕ ਆਧਾਰ ਜ਼ਿਆਦਾਤਰ ਧਾਰਮਿਕ ਪੁਜਾਰੀਆਂ ਜਾਂ ਜਗੀਰਦਾਰੀ ਅਤੇ ਰਜਵਾੜਾਸ਼ਾਹੀ ਲੋਕਾਂ ਵਿਚ ਸੀ।

ਨਾਮਧਾਰੀ ਲਹਿਰ ਇਕ ਤਾਂ ਸਭ ਤੋਂ ਪਹਿਲੀ ਲਹਿਰ ਸੀ ਦੂਸਰੇ ਇਹ ਇਹਨਾਂ ਸਭਨਾਂ ਲਹਿਰਾਂ ਤੋਂ ਇਸ ਕਰਕੇ ਵੱਖਰੀ ਸੀ ਕਿ ਇਕ ਸਰਬ ਵਿਆਪਕ ਰੂਹਾਨੀ ਇਨਕਲਾਬ ਦੀ ਚੇਤਨਾ ਜਗਾਈ । ਇਸਦਾ ਮੁੱਖ ਆਧਾਰ ਰੂਹਾਨੀ ਮੁੜ ਸੁਰਜੀਤੀ ਸੀ ਅਤੇ ਇਹ ਇਸ ਵਿਸ਼ਵਾਸ ਉਪਰ ਅਧਾਰਤ ਸੀ ਕਿ ਪੰਜਾਬੀ ਸਮਾਜ ਉਸ ਸਮੇਂ ਇਕ ਗਹਿਰੇ ਸਰਬਪੱਖੀ ਨਿਘਾਰ ਵਿਚੋਂ ਗੁਜ਼ਰ ਰਿਹਾ ਸੀ। ਇਹ ਸਿੱਖ ਰਾਜ ਦੇ ਪਤਨ ਅਤੇ ਸਮੁੱਚੇ ਸਮਾਜਕ ਸਭਿਆਚਾਰਕ ਸੰਕਟ ਨੂੰ ਨੈਤਿਕ ਅਤੇ ਆਤਮਿਕ ਨਿਰਬਲਤਾ ਨਾਲ ਜੋੜ ਕੇ ਦੇਖਦੀ ਸੀ। ਬੇਸ਼ੱਕ ਇਹ ਲਹਿਰ ਮੁੱਖ ਰੂਪ ਵਿਚ ਸਿੱਖ ਪਰੰਪਰਾ ਵਿਚ ਸਥਿਤ ਸੀ ਪਰ ਇਸਦਾ ਬੌਧਿਕ ਅਤੇ ਆਤਮਿਕ ਪ੍ਰਸੰਗ ਸਮੁੱਚੀ ਭਾਰਤੀ ਆਤਮਿਕ ਪਰੰਪਰਾ ਦਾ ਪ੍ਰਸੰਗ ਸੀ। ਜਿਸਦੀ ਬੁਨਿਆਦ ਆਤਮਿਕ ਜਾਂ ਰੂਹਾਨੀ ਸ਼ੁੱਧਤਾ ਤੋਂ ਸ਼ੁਰੂ ਹੋ ਕੇ ਸਮਾਜਕ ਸਭਿਆਚਾਰਕ ਅਤੇ ਸਰੀਰਕ ਸ਼ੁੱਧਤਾ ਨੂੰ ਆਪਣੇ ਆਪ ਵਿਚ ਸਮਾ ਲੈਂਦੀ ਸੀ। ਇਹ ਸਿਆਸੀ ਸੰਕਟ ਨੂੰ ਸਮੁੱਚੀ ਜਿੰਦਗੀ ਦੇ ਇਕ ਪੱਖ ਵਜੋਂ ਹੀ ਦੇਖਦੀ ਜਾਂਦੀ ਸੀ। ਮਿਸਾਲ ਦੇ ਤੌਰ ਤੇ ਭਾਰਤੀ ਪਰੰਪਰਾ ਵਿਚ ਹਮੇਸ਼ਾਂ ਰਾਜ ਨੂੰ ਧਰਮ ਦੇ ਅਧੀਨ ਰੱਖਣ ਦਾ ਮਾਡਲ ਹੀ ਪਰਵਾਨ ਰਿਹਾ ਹੈ, ਸਮੁੱਚੀ ਭਾਰਤੀ ਪਰੰਪਰਾ ਵਿਚ ਜਦ ਕਦੇ ਵੀ ਧਰਮ ਨੂੰ ਰਾਜ ਦੇ ਅਧੀਨ ਕੀਤਾ ਗਿਆ ਹੈ ਇਹ ਹਮੇਸ਼ਾਂ ਸੰਕਟ ਅਤੇ ਗਿਰਾਵਟ ਦਾ ਕਾਰਨ ਹੀ ਬਣਿਆ ਹੈ। ਇਹੀ ਮਾਡਲ ਨਾਮਧਾਰੀ ਸਤਿਗੁਰੂ ਰਾਮ ਸਿੰਘ ਨੇ ਮੁੜ ਸੁਰਜੀਤ ਕਰਨ ਦੀ

ਕੋਸ਼ਿਸ਼ ਕੀਤੀ ਸੀ।

## ਲਹਿਰ ਦਾ ਰੂਪ ਅਤੇ ਤੱਤ

ਇਸੇ ਕਰਕੇ ਨਾਮਧਾਰੀ ਲਹਿਰ ਮੁੱਖ ਰੂਪ ਵਿਚ ਸਿਆਸੀ ਲਹਿਰ ਨਹੀਂ ਸੀ ਪਰ ਇਹ ਗ਼ੈਰ-ਸਿਆਸੀ ਵੀ ਨਹੀਂ ਸੀ । ਇਸ ਲਹਿਰ ਨੇ ਜੋ ਕਿ ਬੁਨਿਆਦੀ ਤੌਰ ਤੇ ਰੂਹਾਨੀ ਸ਼ੁਧਤਾ ਦੀ ਲਹਿਰ ਸੀ ਨੇ ਆਪਣੀ ਵਿਆਪਕਤਾ ਵਿਚ ਧਰਮ, ਸਮਾਜ, ਸਭਿਆਚਾਰ ਅਤੇ ਸਿਆਸਤ ਨੂੰ ਵੀ ਸਮਾ ਲਿਆ ਸੀ । ਇਹਨਾਂ ਸਾਰੇ ਖੇਤਰਾਂ ਦੇ ਉਸ ਸਮੇਂ ਦੇ ਸਥਾਪਤੀ ਦੇ ਪਹਿਰੇਦਾਰ ਬੇਸ਼ਕ ਉਹ ਧਰਮ ਦੇ ਖੇਤਰ ਵਿਚ ਪੁਜਾਰੀ ਲੋਕ ਸਨ, ਸਮਾਜ ਅਤੇ ਸਭਿਆਚਾਰ ਦੇ ਖੇਤਰ ਵਿਚ ਉੱਚ ਜਾਤਾਂ ਸ਼ਕਤੀ ਸੰਪੰਨ ਲੋਕ ਜਾਂ ਸਿਆਸਤ ਦੇ ਖੇਤਰ ਵਿਚ ਅੰਗਰੇਜ਼ਾਂ ਦੇ ਹਮਾਇਤੀ ਰਾਜੇ ਰਜਵਾੜੇ ਸਨ ਜਾਂ ਖੁਦ ਹਾਕਮ ਅੰਗਰੇਜ਼ ਸਨ ਬੜੀ ਬੁਰੀ ਤਰ੍ਹਾਂ ਭੈਭੀਤ ਹੋ ਗਏ ਸਨ। ਗਿਆਨੀ ਨਾਹਰ ਸਿੰਘ ਵੱਲੋਂ ਇਕੱਤਰ ਕੀਤੇ ਦਸਤਾਵੇਜ਼ ਵਾਰ- ਵਾਰ ਇਸ ਗੱਲ ਦੀ ਗਵਾਹੀ ਕਰਦੇ ਹਨ ਕਿ ਕਿਸ ਤਰ੍ਹਾਂ ਲੋਕਲ ਮਹੱਤਵਪੂਰਨ ਵਿਅਕਤੀ ਇਸ ਲਹਿਰ ਤੋਂ ਭੈਭੀਤ ਅਤੇ ਹੈਰਾਨ ਸਨ।

ਇਸ ਲਹਿਰ ਦੀ ਜ਼ਿਆਦਾ ਸਰਗਰਮੀ ਜਿਸ ਨੂੰ ਸਿਆਸੀ ਤੌਰ ਤੇ ਖਾੜਕੂ ਸਰਗਰਮੀ ਕਿਹਾ ਜਾ ਸਕਦਾ ਹੈ ਉਹ 1860 ਤੋਂ 1872 ਤੱਕ ਲਹਿਰ ਦੇ ਆਗੂ ਸਤਿਗੁਰੂ ਰਾਮ ਸਿੰਘ ਜੀ ਦੀ ਗਿਰਫਤਾਰੀ ਤੱਕ) ਜ਼ਿਆਦਾ ਰਹੀ ਸੀ। ਉਸ ਤੋਂ ਬਾਅਦ ਅੰਗਰੇਜ਼ਾਂ ਦੇ ਬੇਇੰਤਹਾ ਜ਼ੁਲਮ ਅਤੇ ਦੇਸੀ ਪ੍ਰਭਾਵਸ਼ਾਲੀ ਲੋਕਾਂ ਦੇ ਵਿਰੋਧ ਕਾਰਨ ਇਹ ਲਹਿਰ ਮੁੱਖ ਤੌਰ ਤੇ ਧਾਰਮਿਕ ਫਿਰਕੇ ਵਿਚ ਤਬਦੀਲ ਹੋਣ ਦਾ ਇਤਿਹਾਸ ਹੈ। ਇਸ ਦੀ ਰਹੱਸਮਈ ਖ਼ੂਬਸੂਰਤੀ ਇਸ ਗੱਲ ਵਿਚ ਸਮਾਈ ਹੋਈ ਹੈ ਕਿ ਇਸ ਫਿਰਕੇ ਨੇ ਆਪਣੀ ਬੁਨਿਆਦੀ ਮੌਲਕਿਤਾ ਜਿਉਂ ਦੀ ਤਿਉਂ ਕਾਇਮ ਰੱਖੀ ਹੋਈ ਹੈ ।

ਸਥਾਨ ਅਤੇ ਸਮੇਂ ਦੀ ਸੀਮਤਾਈ ਕਾਰਨ, ਹਥਲੇ ਲੇਖ ਵਿਚ ਜ਼ਿਆਦਾ ਵਿਸਥਾਰ ਸਹਿਤ ਚਰਚਾ ਨਹੀਂ ਕੀਤੀ ਜਾ ਸਕਦੀ ਪਰ ਇਸ ਲਹਿਰ ਦੇ ਕੁਝ ਦਿਸਹੱਦਿਆਂ ਦੀ ਨਿਸ਼ਾਨਦੇਹੀ ਜ਼ਰੂਰ ਕੀਤੀ ਜਾ ਸਕਦੀ ਹੈ ਜੋ ਭਵਿੱਖ ਵਿਚ ਇਸ ਨੂੰ ਸਮਝਣ, ਸਮਝਾਉਣ ਦੀਆਂ ਕੋਸ਼ਿਸ਼ਾਂ ਵਿਚ ਸਹਾਈ ਹੋ ਸਕੇ। ਕਿਸੇ ਵੀ ਲਹਿਰ ਦੇ ਸਮਾਜ ਵਿਗਿਆਨਕ ਵਿਸ਼ਲੇਸ਼ਣ ਲਈ ਉਸਦੇ ਸਮਾਜਕ ਆਧਾਰ ਅਤੇ ਸਮਾਜਕ ਪ੍ਰਸੰਗ ਨੂੰ ਸਮਝਣ ਲਈ ਉਸਦੇ ਪੁਰਾਣੀਆਂ ਰਵਾਇਤਾਂ ਜਾਂ ਪਰੰਪਰਾਵਾਂ ਨਾਲ ਰਿਸ਼ਤੇ ਨੂੰ ਸਮਝਣਾ ਬਹੁਤ ਜਰੂਰੀ ਹੁੰਦਾ ਹੈ। ਇਹਨਾਂ ਪਰੰਪਰਾਵਾਂ ਨਾਲ ਲਗਾਤਾਰ ਅਤੇ ਤੋੜ ਵਿਛੋੜਿਆਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਕਿਉਂਕਿ ਨਵੀਆਂ ਲਹਿਰਾਂ ਆਮ ਤੌਰ ਪੁਰਾਣੀ ਪਰੰਪਰਾ ਨਾਲ ਤਿੰਨ ਪ੍ਰਕ੍ਰਿਆਵਾਂ ਰਾਹੀਂ ਸਬੰਧਤ ਹੁੰਦੀਆਂ ਹਨ ਜਾਂ ਤਾਂ ਸੰਪੂਰਨ ਲਗਾਤਾਰਤਾ (Continuity) ਜਾਂ ਉਸ ਵਿਚ ਸਿਰਜਣਾਤਮਕ ਤਬਦੀਲੀ (Creative transfomatoin) ਜਾਂ ਪੂਰਨ ਤੋੜ ਵਿਛੋੜਾ (Discontinuity).

ਇਸ ਪ੍ਰਸੰਗ ਵਿਚ ਨਾਮਧਾਰੀ ਲਹਿਰ ਨੇ ਭਾਰਤੀ ਆਤਮਿਕ ਪਰੰਪਰਾ ਨਾਲ ਸੰਪੂਰਨ ਲਗਾਤਾਰਤਾ ਦਾ ਰਿਸ਼ਤਾ ਕਾਇਮ ਕੀਤਾ, ਬੇਸ਼ੱਕ ਉਹ ਸਿੱਖ ਧਰਮ ਦੀ ਬੁੱਕਲ ਵਿਚ ਉਪਜੀ ਤੇ ਵਿਗਸੀ ਪਰ ਉਸਨੇ ਬਾਕੀ ਧਾਰਮਿਕ ਪਰੰਪਰਾਵਾਂ ਹਿੰਦੂ ਅਤੇ ਇਸਲਾਮ ਨਾਲ ਰੂਹਾਨੀ ਰਿਸ਼ਤਾ ਮੁੜ ਕਾਇਮ ਕਰਨ ਦੀ ਕੋਸ਼ਿਸ਼ ਕੀਤੀ । ਇਹ ਬੇਸ਼ੱਕ ਹਵਨ ਦੀ ਪਰੰਪਰਾ ਨੂੰ ਮੁੜ ਸੁਰਜੀਤ ਕਰਨਾ ਹੋਵੇ ਜਾਂ ਸਤਿਗੁਰੂ ਰਾਮ ਸਿੰਘ ਨੂੰ ਤਰੇਤਾ ਯੁੱਗ ਦੇ ਅਵਤਾਰ ਰਾਮ ਚੰਦਰ ਨਾਲ ਜੋੜਨ ਦਾ ਮਿਥਕ ਹੋਵੇ ਜਾਂ ਰਵਾਇਤੀ ਸਿੱਖ ਧਰਮ ਦੇ ਨੀਲੇ ਬਾਣੇ ਦੀ ਥਾਂ ਸਫੈਦ ਰੰਗ ਦੀ ਚੋਣ ਹੋਵੇ, ਇਹ ਚੇਤਨ ਪੱਧਰ ਤੇ ਕੀਤੀਆਂ ਗਈਆਂ ਰੂਹਾਨੀ ਚੋਣਾਂ ਹਨ ।

ਦੂਸਰੇ ਪਾਸੇ ਇਸਲਾਮੀ ਰੂਹਾਨੀ ਪਰੰਪਰਾ ਦਾ ਅੰਗ ਬਣ ਚੁੱਕੀ ਪਰੰਪਰਾ ਸੀ। ਜਿਸਨੂੰ ਸੂਫੀ ਪਰੰਪਰਾ ਦੇ ਤੌਰ ਤੇ ਜਾਣਿਆ ਜਾਂਦਾ ਹੈ ਨੂੰ ਵੀ ਨਾਮਧਾਰੀ ਲਹਿਰ ਨੇ ਅਸਿਧੇ ਤੌਰ ਆਪਣੇ ਵਿਚ ਸਮਾਇਆ। ਨਾਮਧਾਰੀ ਕੀਰਤਨ ਪਰੰਪਰਾ ਵਿਚ ਸ਼ਰਧਾਲੂਆਂ ਦਾ ਵਜਦ ਵਿਚ ਆ ਕੇ ਮਸਤਾਨੇ ਹੋ ਜਾਣਾ ਅਤੇ ਆਪ ਮੁਹਾਰੇ ਪ੍ਰੇਮ ਵਿਚ ਕੂਕ ਉਠਣਾ ਜਿਸ ਤੋਂ ਇਸ ਲਹਿਰ ਦਾ ਨਾਂ ਹੀ ਕੂਕੇ ਅਤੇ ਕੂਕਾ ਲਹਿਰ ਪੈ ਗਿਆ, ਇਸ ਸੂਫੀ ਰੂਹਾਨੀ ਪਰੰਪਰਾ ਦੀ ਹੀ ਲਗਾਤਾਰਤਾ ਹੈ । ਇਹ ਬਿਨਾਂ ਸ਼ੱਕ ਕਿਹਾ ਜਾ ਸਕਦਾ ਹੈ ਕਿ ਨਾਮਧਾਰੀ ਲਹਿਰ ਨੇ ਉਸ ਸਮੇਂ ਤੱਕ ਦੇ ਸਮੁੱਚੇ ਆਤਮਿਕ ਜਾਂ ਰੂਹਾਨੀ ਵਿਰਸੇ ਨੂੰ ਆਪਣੇ ਵਿਚ ਸਮਾ ਕੇ ਅੱਗੇ ਤੁਰਨ ਦੀ ਕੋਸ਼ਿਸ ਕੀਤੀ ।

ਦੂਸਰੇ ਇਸਨੇ ਰਵਾਇਤਾਂ ਨੂੰ ਸਿਰਜਣਾਤਮਕ ਤੌਰ ਤੇ ਤਬਦੀਲ ਕੀਤਾ ਮਿਸਾਲ ਦੇ ਤੌਰ ਸਿੱਖ ਧਰਮ ਵਿਚ ਹੀ ਸੁੱਚਤਾ ਦਾ ਸਪਸ਼ਟ ਆਚਾਰ ਵਿਹਾਰ ਸਥਾਪਤ ਕਰਨਾ। ਔਰਤਾਂ ਨੂੰ ਅੰਮ੍ਰਿਤ ਛਕਾ ਕੇ ਅਤੇ ਵਿਦਿਆ ਜ਼ਰੂਰੀ ਕਰਕੇ ਉਹਨਾਂ ਦੀ ਬਰਾਬਰੀ ਨੂੰ ਯਕੀਨੀ ਬਣਾਉਣਾ ।ਸਮਾਜ ਸੁਧਾਰ ਦੇ ਸਪਸ਼ਟ ਪ੍ਰੋਗਰਾਮ ਰਾਹੀ ਛੂਤ ਛਾਤ, ਜਾਤ ਪਾਤ, ਭੇਦ ਭਾਵ ਦਾ ਖਾਤਮਾ ਕਰਕੇ ਇਕ ਬਰਾਬਰੀ ਆਧਾਰਤ ਮਨੁੱਖੀ ਸਮਾਜ ਸਿਰਜਣ ਦੇ ਸਿੱਖੀ ਆਦਰਸ਼ ਨੂੰ ਅਮਲੀ ਰੂਪ ਦੇਣਾ ਪਹਿਲਾਂ ਤੋਂ ਚੱਲ ਰਹੀਆਂ ਪਰੰਪਰਾਵਾਂ ਵਿਚ ਸਿਰਜਣਾਤਮਕ ਤਬਦੀਲੀ ਕਰਨਾ ਹੈ ।

ਤੀਸਰੇ ਕਿਸੇ ਵੀ ਲਹਿਰ ਵੱਲੋਂ ਕੁਝ ਰਵਾਇਤਾਂ

**ਬਾਕੀ ਸਫ਼ਾ 19 'ਤੇ..........................**

# ਥੋੜ੍ਹਾ ਕੁ ਜ਼ਹਿਰ....

✍– ਰਾਮ ਲਾਲ

ਐਨੀ ਰਾਤ ਗਏ ਆਪਣੇ ਦਰਵਾਜ਼ੇ ਸਾਹਮਣੇ ਖੜੀ ਇਕੱਲੀ ਜਵਾਨ ਕੁੜੀ ਨੂੰ ਦੇਖ ਕੇ ਮੈਂ ਹੈਰਾਨ ਹੋਏ ਬਿਨਾਂ ਨਹੀਂ ਸੀ ਰਹਿ ਸਕਿਆ। ਨੀਂਦ ਨਾਲ ਭਰੀਆਂ ਹੋਈਆਂ ਅੱਖਾਂ ਮਲਦਿਆਂ ਤੇ ਕੈਰੋਸਿਨ ਲੈਂਪ ਬਾਲਣ ਲਈ ਡੱਬੀ ਲੱਭਦਿਆਂ ਹੋਇਆਂ ਮੈਂ ਉਸਨੂੰ ਕਿਹਾ, ਜ਼ਰਾ ਇੱਥੇ ਈ ਠਹਿਰ, ਮੈਂ ਚਾਨਣ ਕਰ ਲਵਾਂ।

ਲੈਂਪ ਲਗਾਇਆ ਤਾਂ ਮੇਰੀ ਨਜ਼ਰ ਟਿਕ-ਟਿਕ ਕਰਦੇ ਹੋਏ ਕਲਾਕ 'ਤੇ ਜਾ ਪਈ। ਤਿੰਨ ਵੱਜ ਚੁੱਕੇ ਸਨ। ਮੈਂ ਉਬਾਸੀ ਲੈਂਦਿਆਂ ਸਿਰ ਦੇ ਵਾਲਾਂ ਦਾ ਜੂੜਾ ਕਰਨ ਲੱਗ ਪਿਆ।

"ਸਰਦਾਰ ਜੀ, ਮੈਂ ਜ਼ਰਾ ਜਲਦੀ 'ਚ ਆਂ-ਤੁਹਾਡੇ ਨਾਲ ਕੁਸ਼ ਗੱਲਾਂ ਕਰਨੀਆਂ ਚਾਹੁੰਦੀ...."

ਉਹ ਅੰਦਰ ਆ ਗਈ। ਉਸਦੀ ਆਵਾਜ਼ ਬੜੀ ਤਿੱਖੀ, ਸਪਾਟ ਤੇ ਬੇਖ਼ੌਫ਼ ਸੀ। ਉੱਨੀ-ਵੀਹ ਸਾਲ ਦੀ ਇਕ ਸ਼ਾਦੀਸ਼ੁਦਾ ਕੁੜੀ ਸੀ ਉਹ, ਜਿਸਨੇ ਗੂੜ੍ਹੇ ਭੂਰੇ ਰੰਗ ਦਾ ਸ਼ਾਲ ਲਿਆ ਹੋਇਆ ਸੀ। ਪਹਿਲਾਂ ਉਸਨੇ ਇੱਧਰ-ਉੱਧਰ ਦੇਖਿਆ ਪਰ ਬੈਠਣ ਲਈ ਕੋਈ ਜਗ੍ਹਾ ਨਾ ਦਿੱਸੀ ਤਾਂ ਕਾਊਂਟਰ ਨਾਲ ਲੱਗ ਕੇ ਖੜ੍ਹੀ ਹੋ ਗਈ।

ਇਕ ਸੁੰਨਸਾਨ ਤੇ ਉਜਾੜ ਜਗ੍ਹਾ 'ਤੇ, ਰਾਤ ਦੇ ਪਿਛਲੇ ਪਹਿਰ, ਅਚਾਨਕ ਆਪਣੇ ਦਫ਼ਤਰ 'ਚ ਇਕ ਨੌਜਵਾਨ ਕੁੜੀ ਦੀ ਆਮਦ ਕਾਰਨ ਮੇਰਾ ਦਿਲ ਧਕ-ਧਕ ਕਰ ਰਿਹਾ ਸੀ-ਭਾਵੇਂ ਉਹ ਮੇਰੀਆਂ ਧੀਆਂ ਦੇ ਹਾਣ ਦੀ ਸੀ, ਫੇਰ ਵੀ ਮੈਂ ਸੋਚਿਆ ਉਹ ਇਕ ਔਰਤ ਹੈ ਤੇ ਪਤਾ ਨਹੀਂ ਮੇਰੇ ਕੋਲ ਕਿਉਂ ਆਈ ਹੈ?

ਖੁੱਲ੍ਹੇ ਦਰਵਾਜ਼ੇ 'ਚੋਂ ਠੰਢੀ ਹਵਾ ਦਾ ਇਕ ਬੁੱਲ੍ਹਾ ਆਇਆ ਤੇ ਮੇਰੀਆਂ ਨੰਗੀਆਂ ਲੱਤਾਂ ਨਾਲ ਟਕਰਾਉਂਦਾ ਹੋਇਆ ਸਾਰੇ ਕਮਰੇ 'ਚ ਫੈਲ ਗਿਆ। ਇੱਧਰ ਉੱਧਰ ਮੇਜ਼ਾਂ 'ਤੇ ਰੈਕਾਂ 'ਚ ਪਏ ਸਰਕਾਰੀ ਕਾਗਜ਼ ਫੜਫੜਾਉਣ ਲੱਗ ਪਏ, ਜਿਵੇਂ ਉਹ ਵੀ ਜਾਗ ਪਏ ਹੋਣ। ਮੇਰੇ ਜਿਸਮ 'ਤੇ ਸਿਰਫ਼ ਕੱਛਾ ਸੀ। ਮੈਂ ਕਾਹਲ ਨਾਲ ਕਮੀਜ਼ ਗਲ ਚ ਪਾਈ ਤੇ ਮੰਜੀ ਨੂੰ ਕੰਧ ਨਾਲ ਖੜ੍ਹਾ ਕੀਤਾ ਤੇ ਉਸ 'ਤੇ ਬਿਸਤਰਾ ਰੱਖ ਦਿੱਤਾ।

ਮੈਂ ਜਲੰਧਰ ਡਵੀਜ਼ਨ ਦੇ ਇਕ ਛੋਟੇ-ਜਿਹੇ ਰੇਲਵੇ ਸਟੇਸ਼ਨ 'ਤੇ ਫਲਾਇੰਗ ਸਟੇਸ਼ਨ ਮਾਸਟਰ ਸੀ, ਜਿਸ ਦੀ ਪੂਰੀ ਇਮਾਰਤ ਦਫ਼ਤਰ ਵਾਲਾ ਇਹੋ, ਇਕੋ-ਇਕ ਕਮਰਾ ਸੀ ਤੇ ਇਸ ਤੋਂ ਕੁਝ ਦੂਰ ਸਟਾਫ਼ ਲਈ ਤਿੰਨ ਕੁਆਰਟਰ ਬਣੇ ਹੋਏ ਸਨ-ਇਕ 'ਚ ਖਲਾਸੀ ਰਹਿੰਦਾ ਸੀ, ਦੂਜੇ 'ਚ ਪਾਣੀ ਪਿਆਉਣ ਤੇ ਲੈਂਪ ਬਾਲਣ ਵਾਲਾ ਪੋਰਟਰ ਤੇ ਤੀਜਾ ਜਿਹੜਾ ਮੇਰੇ ਲਈ ਸੀ, ਖ਼ਾਲੀ ਪਿਆ ਸੀ। ਮੈਂ ਇਕੱਲਾ ਹੋਣ ਕਰਕੇ ਰਾਤ ਨੂੰ ਦਫ਼ਤਰ 'ਚ ਹੀ, ਮੇਜ਼ ਕੁਰਸੀਆਂ ਪਰਾਂ ਕਰਕੇ , ਮੰਜੀ ਡਾਹ ਲੈਂਦਾ ਸਾਂ। ਐਦਾਂ ਸਵੇਰੇ ਚਾਰ ਵਜੇ ਮੁਕੇਰੀਆਂ ਵੱਲੋਂ ਆ ਕੇ ਜਲੰਧਰ ਨੂੰ ਜਾਣ ਵਾਲੀ ਗੱਡੀ ਨੂੰ ਪਾਸ ਕਰਨਾ ਸੌਖਾ ਹੋ ਜਾਂਦਾ ਸੀ-ਮੁਸਾਫ਼ਰਾਂ ਦਾ ਟਿਕਟ ਲਈ ਰੌਲਾ ਸੁਣਦਿਆਂ ਹੀ ਮੈਂ ਕਾਊਂਟਰ ਸਾਹਮਣੇ ਜਾ ਖੜ੍ਹਾ ਹੁੰਦਾ ਤੇ ਕੁਝ ਟਿਕਟਾਂ ਕੱਟ ਕੇ ਫੇਰ ਬਿਸਤਰੇ ਤੇ ਜਾ ਲੇਟਦਾ। ਪੋਰਟਰ ਹੀ ਬਾਹਰ ਜਾ ਕੇ ਗੱਡੀ ਚਲਣ ਦੀ ਹਰੀ ਝੰਡੀ ਦਿਖਾ ਆਉਂਦਾ। ਮੈਨੂੰ ਰਾਤ ਨੂੰ ਬਾਹਰ ਨਿਕਲਣ ਦੀ ਕਦੇ-ਕਦਾਈਂ ਈ ਲੋੜ ਪੈਂਦੀ ਸੀ।

ਮੈਂ ਸਿਰ 'ਤੇ ਪੱਗ ਬੰਨਦਿਆਂ ਹੋਇਆਂ ਉਸ ਵੱਲ ਦੇਖਿਆ ਤੇ ਸੋਚਣ ਲੱਗਿਆ ਕਿ ਇਹ ਕੌਣ ਹੋ ਸਕਦੀ ਹੈ? ਇੱਥੇ ਕੀ ਕਰਨ ਆਈ ਹੈ?

ਉਹ ਬੜੀਆਂ ਘੋਖਵੀਆਂ-ਜਿਹੀਆਂ ਨਜ਼ਰਾਂ ਨਾਲ ਮੇਰੇ ਵੱਲ ਦੇਖ ਰਹੀ ਸੀ। ਸ਼ਾਇਦ ਕਿਸੇ ਨੇੜੇ ਤੇੜੇ ਦੇ ਪਿੰਡ ਦੀ ਨੂੰਹ-ਧੀ ਹੋਵੇਗੀ। ਘਰੋਂ ਨੱਸ ਕੇ ਚੱਲੀ ਹੋਵੇਗੀ ਕਿਤੇ! ਜਲੰਧਰ ਜਾਣ ਵਾਲੀ ਗੱਡੀ ਫੜਨੀਂ ਹੋਵੇਗੀ।

"ਤੂੰ ਕੌਣ ਏਂ ਪੁੱਤ??? ਮੈਂ ਕੁਰਸੀ 'ਤੇ ਪਏ ਸਰਕਾਰੀ ਰਜਿਸਟਰ ਕਾਊਂਟਰ 'ਤੇ ਰੱਖ ਦਿੱਤੇ।

"ਸਰਦਾਰ ਜੀ!'' ਉਸਨੇ ਕੰਬਦੀ ਹੋਈ ਆਵਾਜ਼ 'ਚ ਜਵਾਬ ਦਿੱਤਾ, "ਤੁਹਾਨੂੰ ਇਹੀ ਦੱਸਣ ਵਾਸਤੇ ਤਾਂ ਮੈਂ ਆਈ ਆਂ। ਮੈਂ ਤੁਹਾਨੂੰ ਜਾਣਦੀ ਆਂ-ਤੁਸੀਂ ਭਗਵੰਤ ਤੇ ਕੁਲਵੰਤ ਦੇ ਦਾਰ-ਜੀ ਓ ਨਾ?"

ਆਪਣੀਆਂ ਧੀਆਂ ਦੇ ਨਾਂ ਸੁਣ ਕੇ ਮੈਂ ਹੈਰਾਨੀ ਨਾਲ ਤ੍ਰਬਕਿਆ। ਇਹ ਉਨ੍ਹਾਂ ਨੂੰ ਕਿਵੇਂ ਜਾਣਦੀ ਹੈ। ਉਨ੍ਹਾਂ ਦੀ ਸਹੇਲੀ ਵੀ ਨਹੀਂ ਜਾਪਦੀ ਇਹ। ਉਸਦਾ ਚਿਹਰਾ ਮੇਰੇ ਲਈ ਬਿਲਕੁਲ ਅਜਨਬੀ ਸੀ।

"ਬੈਠ! ਮੈਂ ਕੁਰਸੀ ਉਸ ਵੱਲ ਖਿਸਕਾ ਦਿੱਤੀ ਤੇ ਆਪ ਕੰਬਲ ਦੀ ਬੁੱਕਲ ਮਾਰ ਕੇ ਮੇਜ਼ 'ਤੇ ਬੈਠ ਗਿਆ।

ਉਹ ਛਮ-ਛਮ ਕਰਦੀ ਹੋਈ ਕੁਰਸੀ 'ਤੇ ਬੈਠ ਗਈ। ਉਸਦੇ ਪੈਰਾਂ 'ਚ ਪਾਈਆਂ ਝਾਂਜਰਾਂ ਦੀ ਛਣਕਾਰ ਮੈਂ ਪਹਿਲੀ ਵਾਰੀ ਸੁਣੀ ਸੀ, ਜਿਹੜੀ ਉਸ ਸੰਨਾਟੇ 'ਚ ਖਾਸੀ

ਉੱਚੀ ਲੱਗੀ ਸੀ।

ਮੈਂ ਖਿੜਕੀ ਖੋਲ ਕੇ ਬਾਹਰ ਦੇਖਿਆ।ਉੱਥੇ ਕੋਈ ਨਹੀਂ ਸੀ। ਹਨ੍ਹੇਰਾ ਕਾਫੀ ਸੰਘਣਾ ਸੀ। ਠੰਢੀ ਹਵਾ ਦੇ ਧਫਿਆਂ ਤੋਂ ਬਚਣ ਖਾਤਰ ਮੈਂ ਛੇਤੀ ਦੇਣੇ ਖਿੜਕੀ ਬੰਦ ਕਰ ਦਿੱਤੀ।

ਫੇਰ ਉਸ ਵੱਲ ਬੇਚੈਨੀ ਨਾਲ ਦੇਖਿਆ ਕਿ-ਜੋ ਉਹ ਕਹਿਣਾ ਚਾਹੁੰਦੀ ਹੈ, ਝੱਟ ਕਹਿ ਦੇਵੇ!ਉਹ ਵੀ ਜਿਵੇਂ ਮੇਰਾ ਭਾਵ ਸਮਝ ਗਈ ਹੋਏ-ਉਸਨੇ ਪਾਸਾ ਪਰਤ ਕੇ ਮੇਰੇ ਵੱਲ ਦੇਖਿਆ ਤੇ ਠੰਢ ਕਾਰਨ ਸੁੜ-ਸੁੜ ਕਰ ਰਹੀ ਨੱਕ ਨੂੰ ਪੂੰਝਦੀ ਹੋਈ ਬੋਲੀ...

"ਮੈਂ ਤੁਹਾਨੂੰ ਚੰਗੀ ਤਰ੍ਹਾਂ ਜਾਣਦੀ ਆਂ। ਤੁਹਾਡਾ ਨਾਂ ਸਰਦਾਰ ਹੁਕਮ ਸਿੰਘ ਏ ਨਾ...ਤੇ ਤੁਸੀਂ ਪਾਕਿਸਤਾਨ 'ਚੋਂ ਆਏ ਹੋਏ ਸ਼ਰਨਾਰਥੀ ਓ???

ਮੈਂ ਚੁੱਪਚਾਪ ਉਸ ਵੱਲ ਦੇਖਦਾ ਰਿਹਾ। ਮੇਰਾ ਦਿਲ ਪਹਿਲਾਂ ਵਾਂਗੂੰ ਹੀ ਧੜਕ ਰਿਹਾ ਸੀ। ਪਤਾ ਨਹੀਂ, ਉਹ ਕੀ ਕਹਿਣਾ ਚਾਹੁੰਦੀ ਹੈ। ਮੈਨੂੰ ਹੁਣ ਕਾਫੀ ਰਹੱਸਮਈ ਕੁੜੀ ਲੱਗ ਰਹੀ ਸੀ ਉਹ।

"ਤੁਹਾਡੀਆਂ ਦੋਵਾਂ ਕੁੜੀਆਂ ਨੂੰ ਉੱਥੋਂ ਦੇ ਗੁੰਡੇ ਚੁੱਕ ਕੇ ਲੈ ਗਏ ਸਨ।ਠੀਕ ਏ ਨਾ???

ਮੈਂ "ਹਾਂ 'ਚ ਸਿਰ ਹਿਲਾ ਦਿੱਤਾ। ਅਚਾਨਕ ਮੇਰੇ ਦਿਲ 'ਚ ਇਹ ਖ਼ਿਆਲ ਆਇਆ ਕਿ ਕਿਤੇ ਇਹ ਕੁੜੀ ਪਾਕਿਸਤਾਨੋਂ ਹੀ ਤਾਂ ਨਹੀਂ ਆਈ?

ਫਸਾਦਾਂ ਦੌਰਾਨ ਤੁਹਾਡੀ ਪਤਨੀ, ਦੋ ਛੋਟੇ ਪੁੱਤਰਾਂ ਤੇ ਬੁੱਢੇ ਪਿਤਾ ਜੀ ਨੂੰ ਵੀ ਕਤਲ ਕਰ ਦਿੱਤਾ ਗਿਆ ਸੀ?

ਮੈਂ ਫੇਰ 'ਹਾਂ 'ਚ ਸਿਰ ਹਿਲਾ ਦਿੱਤਾ ਤੇ ਮਹਿਸੂਸ ਕੀਤਾ ਕਿ ਬੀਤਿਆ ਹੋਇਆ ਦੁਸ਼ਟ ਸਮਾਂ ਫੇਰ ਸਾਹਮਣੇ ਆ ਖਲੋਤਾ ਹੈ। ਪਤਨੀ, ਬੱਚਿਆਂ ਤੇ ਬੁੱਢੇ ਪਿਤਾ ਦੇ ਜਿਕਰ 'ਤੇ ਮੇਰੀਆਂ ਅੱਖਾਂ 'ਚੋਂ ਹੰਝੂ ਵਹਿ ਤੁਰੇ। ਮੈਂ ਬੇਚੈਨੀ ਜਿਹੀ ਨਾਲ ਇੱਧਰ ਉੱਧਰ ਦੇਖਿਆ ਤੇ ਅਖ਼ੀਰ ਉਸ 'ਤੇ ਨਜ਼ਰਾਂ ਗੱਡ ਲਈਆਂ। ਇਹ ਕੁੜੀ ਛੇਤੀ ਕਿਉਂ ਨਹੀਂ ਦੱਸ ਰਹੀ ਕਿ ਉਹ ਕੌਣ ਹੈ? ਕਿੱਥੋਂ ਆਈ ਹੈ? .. ਮੈਨੂੰ ਇਹ ਸਭ ਕੁਝ ਕਿਉਂ ਯਾਦ ਕਰਵਾ ਰਹੀ ਹੈ!

ਮੈਂ ਦੇਖਿਆ ਉਹ ਮੁਸਕਰਾ ਰਹੀ ਸੀ-ਲੱਗਿਆ, ਉਹ ਮੇਰੀ ਬੇਬਸੀ 'ਤੇ ਮੁਸਕਰਾ ਰਹੀ ਹੈ। ਫੇਰ ਉਹ ਬੋਲੀ... .

"ਮੈਂ ਤੁਹਾਨੂੰ ਸਭ ਕੁਸ਼ ਦੱਸਾਂਗੀ-ਕਿਉਂ ਜੋ ਤੁਸੀਂ ਭਗਵੰਤ ਕੌਰ ਤੇ ਕੁਲਵੰਤ ਕੌਰ ਦੇ ਦਾਰ-ਜੀ ਓ। ਉਹਨਾਂ ਨੂੰ ਪਾਕਿਸਤਾਨੀ ਗੁੰਡੇ ਤੁਹਾਥੋਂ ਜਬਰਦਸਤੀ ਖੋਹ ਕੇ ਲੈ ਗਏ ਸਨ...ਉਨ੍ਹਾਂ ਤਾਂ ਤੁਹਾਨੂੰ ਵੀ ਮਾਰ ਕੇ ਅੱਧ ਮੋਇਆ ਕਰ ਦਿੱਤਾ ਸੀ-ਸ਼ਾਇਦ ਆਪਣੇ ਵੱਲੋਂ ਮਾਰ ਕੇ ਹੀ ਸੁੱਟ ਗਏ ਸਨ। ਪਰ ਤੁਸੀਂ ਇਹ ਦੁੱਖ ਭੋਗਣ ਲਈ ਜਿਉਂਦੇ ਬਚ ਗਏ ਕਿ ਪਤਾ ਨੀਂ ਤੁਹਾਡੀਆਂ ਧੀਆਂ ਦਾ ਕੀ ਹਾਲ ਹੋਇਆ ਹੋਵੇਗਾ! ਤੁਸੀਂ ਅੰਮ੍ਰਿਤਸਰ, ਜਲੰਧਰ ਤੇ ਦਿੱਲੀ ਦੇ ਰਿਫੂਜੀ ਕੈਂਪਾਂ ਦੀ ਧੂੜ ਫਕਦੇ ਰਹੇ ..ਰਿਫੂਜੀ ਅਫ਼ਸਰਾਂ ਦੀ ਚਾਕਰੀ ਕਰਦੇ ਰਹੇ ....ਮਿਰਦੁਲਾ ਸਾਰਾ ਭਾਈ ਦੇ ਨਾਲ ਵੱਡੀਆਂ-ਵੱਡੀਆਂ ਆਸਾਂ ਜੋੜੀ ਰੱਖੀਆਂ-ਪਰ ਇਹ ਸਭ ਕੁਸ਼ ਬੇਕਾਰ ਸਿੱਧ ਹੋਇਆ। ਫੇਰ ਤੁਸੀਂ ਉਨ੍ਹਾਂ ਮਜਲੂਮ ਕੁੜੀਆਂ ਦੇ ਨਾਵਾਂ ਦੀਆਂ ਸੂਚੀਆਂ ਵੀ ਦੇਖਣੀਆਂ ਛੱਡ ਦਿੱਤੀਆਂ ਜਿਹਨਾਂ ਨੂੰ ਪਾਕਿਸਤਾਨ 'ਚੋਂ ਮੁਕਤ ਕਰਵਾ ਕੇ ਲਿਆਂਦਾ ਜਾਂਦਾ ਸੀ ਤੇ ਉਹਨਾਂ ਬਾਰੇ ਆਏ ਦਿਨ ਅਖ਼ਬਾਰਾਂ ਵਿਚ ਛਪਦਾ ਰਹਿੰਦਾ ਸੀ।"

ਮੈਂ ਚੁੱਪਚਾਪ ਉਸ ਵੱਲ ਦੇਖਦਾ ਰਿਹਾ। ਉਹ ਵਾਰੀ-ਵਾਰੀ ਆਪਣੀ ਵਗਦੀ ਹੋਈ ਨੱਕ ਨੂੰ ਪੂੰਝ ਰਹੀ ਸੀ। ਉਸ ਦੇ ਵਾਲਾਂ ਦੀਆਂ ਲਿਟਾਂ, ਕਦੇ ਖੱਬਿਓਂ ਤੇ ਕਦੀ ਸੱਜਿਓਂ, ਉਸ ਦੇ ਚਿਹਰੇ 'ਤੇ ਉਤਰ ਆਉਂਦੀਆਂ ਸਨ ਤੇ ਉਹ ਉਨ੍ਹਾਂ ਨੂੰ ਉਤਾਂਹ ਚੁੱਕ ਕੇ ਕੰਨਾਂ ਪਿੱਛੇ ਟੰਗ ਲੈਂਦੀ ਸੀ। ਉਸਦੇ ਹੱਥ 'ਚ ਇਕ ਛੋਟੀ ਜਿਹੀ ਕਾਗਜ਼ ਦੀ ਪੁੜੀ ਵੀ ਸੀ, ਜਿਸਨੂੰ ਉਸਨੇ ਆਪਣੀ ਮੁੱਠੀ 'ਚ ਘੁੱਟਿਆ ਹੋਇਆ ਸੀ।

"ਲਓ ਮੈਂ ਤੁਹਾਡੀ ਇਹ ਹੈਰਾਨੀ ਵੀ ਦੂਰ ਕਰ ਦਿੰਦੀ ਆਂ ਕਿ ਮੈਂ ਕੌਣ ਆਂ! ਤੁਹਾਡੇ ਬਾਰੇ ਐਨਾ ਕਿਵੇਂ ਜਾਣਦੀ ਆਂ!

'ਦਸ ਦਿਨ ਪਹਿਲਾਂ, ਇਸ ਸਟੇਸ਼ਨ ਤੇ ਰਾਤ ਦੀ ਆਖ਼ਰੀ ਗੱਡੀ ਤੋਂ ਸਾਨਦਾ ਵਾਲਾ ਪਿੰਡ ਦਾ ਜ਼ਿਮੀਂਦਾਰ ਹਜ਼ਾਰਾ ਸਿੰਘ ਉਤਰਿਆ ਸੀ। ਉਸਦੇ ਨਾਲ ਉਸ ਦੀ ਨਵੀਂ ਵਿਆਹੀ ਵਹੁਟੀ ਰੇਸ਼ਮ ਕੌਰ ਸੀ। ਕਿਉਂ ਜੁ ਉਨ੍ਹਾਂ ਨੂੰ ਐਨੀ ਰਾਤ ਗਏ ਕੋਈ ਯੱਕਾ ਟਾਂਗਾ ਨੀਂ ਸੀ ਮਿਲ ਸਕਿਆ, ਇਸ ਲਈ ਉਨ੍ਹਾਂ ਨੇ ਉਹ ਰਾਤ ਤੁਹਾਡੇ ਕੁਆਟਰ 'ਚ ਬਿਤਾਈ ਸੀ। ਹਜ਼ਾਰਾ ਸਿੰਘ ਸਾਰੀ ਰਾਤ ਸ਼ਰਾਬ ਪੀਂਦਾ ਰਿਹਾ ਸੀ। ਉਸਨੇ ਤੁਹਾਨੂੰ ਵੀ ਪੀਣ ਲਈ ਜ਼ੋਰ ਪਾਇਆ ਸੀ, ਪਰ ਤੁਸੀਂ ਮੰਨੇ ਨੀਂ ਸੀ। ਉਸਨੇ ਤੁਹਾਨੂੰ ਇਹ ਵੀ ਕਿਹਾ ਸੀ ਕਿ ਇੱਥੋਂ ਦਾ ਪਹਿਲਾ ਸਟੇਸ਼ਨ ਮਾਸਟਰ ਤਾਂ ਉਸ ਨਾਲ ਖਾਂਦਾ-ਪੀਂਦਾ ਸੀ।ਉਹ ਬੜਾ ਰੰਗੀਲਾ ਤੇ ਮੌਜੀ ਆਦਮੀ ਸੀ। ਹਜ਼ਾਰਾ ਸਿੰਘ ਤੁਹਾਡੀ ਸ਼ਰਾਫ਼ ਤੇ ਖ਼ੂਬ ਹੱਸਿਆ ਸੀ। ਤੁਸੀਂ ਉਸ ਨਾਲ ਬੈਠ ਕੇ ਬੜੀਆਂ ਗੱਲਾਂ ਕੀਤੀਆਂ ਸਨ ਤੇ ਉਸਨੂੰ ਆਪਣੇ ਸਾਰੇ ਹਾਲਾਤ ਦੱਸ ਦਿੱਤੇ ਸਨ। ਮੈਂ ਕੋਲ ਬੈਠੀ ਸਭ ਕੁਸ਼ ਸੁਣ ਰਹੀ ਸੀ। ਤੁਹਾਡਾ ਪੋਰਟਰ ਆਪਣੀ ਇਕ ਮੁਰਗੀ ਝਟਕ ਕੇ ਭੁੰਨ ਲਿਆਇਆ ਸੀ, ਜਿਸ ਦੇ ਬਦਲੇ ਹਜ਼ਾਰਾ ਸਿੰਘ ਨੇ ਉਸ ਨੂੰ ਦਸ ਰੁਪਏ ਇਨਾਮ ਤੇ ਪੀਣ ਖਾਤਰ ਥੋੜੀ ਜਿਹੀ ਸ਼ਰਾਬ ਵੀ ਦਿੱਤੀ ਸੀ। ...ਤੇ ਉਹ ਗੁਣਗੁਣਾਉਂਦਾ ਹੋਇਆ ਆਪਣੇ

ਕੁਆਟਰ 'ਚ ਚਲਾ ਗਿਆ ਸੀ।

ਮੈਨੂੰ ਉਹ ਤਕੜੇ ਜੁੱਸੇ ਵਾਲਾ ਲੰਮਾ-ਉੱਚਾ ਸਰਦਾਰ ਯਾਦ ਆ ਗਿਆ, ਜਿਸ ਨੇ ਦਸ ਦਿਨ ਪਹਿਲਾਂ ਮੇਰੇ ਕੁਆਰਟਰ 'ਚ ਰਾਤ ਬਿਤਾਈ ਸੀ ਤੇ ਆਪਣੇ ਆਪ ਨੂੰ ਸਾਨਦਾਂ ਵਾਲਾ ਦਾ ਜ਼ਿਮੀਂਦਾਰ ਦੱਸਿਆ ਸੀ। ਉਸਨੇ ਦੱਸਿਆ ਕਿ ਕਲਕੱਤੇ ਚ ਉਸਦੀਆਂ ਕੁਝ ਬੱਸਾਂ ਵੀ ਚਲਦੀਆਂ ਹਨ। ਉਸ ਦੇ ਨਾਲ ਘੁੰਡ 'ਚ ਲਿਪਟੀ ਹੋਈ ਇਕ ਔਰਤ ਵੀ ਸੀ ਸ਼ਾਇਦ ਉਸ ਦਾ ਨਾਂ ਰੇਸ਼ਮ ਕੌਰ ਹੀ ਹੋਵੇ। ਪਰ ਉਸਦਾ ਤੇ ਇਸ ਕੁੜੀ ਦਾ ਆਪਸ 'ਚ ਕੀ ਰਿਸ਼ਤਾ ਹੈ। ਜਿਹੜੀ ਮੇਰੇ ਸਾਹਮਣੇ ਬੈਠੀ ਉਸ ਰਾਤ ਦੀ ਘਟਨਾਂ ਨੂੰ ਪੂਰੇ ਵਿਸ਼ਵਾਸ ਨਾਲ ਦੁਹਰਾ ਰਹੀ ਸੀ?

"ਮੈਂ ਰੇਸ਼ਮ ਕੌਰ ਆਂ। ਮੇਰਾ ਘੁੰਡ ਕੱਢਿਆ ਹੋਣ ਕਰਕੇ ਤੁਸੀਂ ਉਸ ਦਿਨ ਮੈਨੂੰ ਦੇਖ ਨੀਂ ਸਕੇ ਸੀ। ਪਰ ਹੁਣ ਮੈਂ ਸਾਰੇ ਘੁੰਡ ਚੁੱਕ ਦਿੱਤੇ ਨੇ। ਮੈਂ ਹਜ਼ਾਰਾ ਸਿੰਘ ਦੀ ਵਿਆਹੀ ਹੋਈ ਵਹੁਟੀ ਨੀਂ ਸੀ, ਉਸਨੇ ਜ਼ਬਰਦਸਤੀ ਮੈਨੂੰ ਆਪਣੇ ਘਰ ਬਿਠਾ ਲਿਆ ਸੀ। ਮੈਨੂੰ ਰੇਸ਼ਮ ਕੌਰ ਨਾਂ ਵੀ ਉਸੇ ਦਾ ਦਿੱਤਾ ਹੋਇਆ ਏ। ਉਹਨੇ ਕੋਸ਼ਿਸ਼ ਵੀ ਬੜੀ ਕੀਤੀ ਕਿ ਆਪਣੇ ਬੀਤੇ ਹੋਏ ਸਮੇਂ ਨੂੰ ਭੁੱਲ ਜਾਵਾਂ ਮੈਂ-ਪਰ ਮੈਂ ਕਦੇ ਰੇਸ਼ਮ ਕੌਰ ਨੀਂ ਬਣ ਸਕੀ, ਹਮੀਦਾ ਹੀ ਰਹੀ, ਉਮਰ ਦੀਨ ਸਕੂਲ ਮਾਸਟਰ ਦੀ ਧੀ "ਸਰਦਾਰ ਜੀ ਤੁਹਾਡੀਆਂ ਅੱਖਾਂ 'ਚ ਹੈਰਾਨੀ ਭਰੀ ਹੋਈ ਏ-ਸ਼ਾਇਦ ਤੁਹਾਨੂੰ ਯਕੀਨ ਨੀਂ ਆ ਰਿਹਾ ਕਿ ਇਹ ਸਭ ਸੱਚ ਏ-ਪਰ ਤੁਸੀਂ ਯਕੀਨ ਕਰਨਾ ਮੈਂ ਈ ਉਹ ਰੇਸ਼ਮ ਕੌਰ ਸੀ ਤੇ ਮੈਂ ਹੀ ਹੁਣ ਹਮੀਦਾ ਆਂ-ਜਿਹੜੀ ਪੰਜ ਸਾਲ ਬਾਅਦ ਰੇਸ਼ਮ ਕੌਰ ਦੇ ਘੁੰਡ ਦੀ ਕੈਦ ਚੋਂ ਮੁਕਤ ਹੋਈ ਆਂ।"

"ਇੱਥੇ ਮੈਂ ਆਪਣੇ ਅੱਬਾ ਨੂੰ ਮਿਲਣ ਵਾਸਤੇ ਆਈ ਸੀ। ਕਲਕੱਤੇ ਵਰਗੇ ਦੂਰ ਦਰਾਜ਼ ਦੇ ਸ਼ਹਿਰ 'ਚੋਂ ਸਿਰਫ਼ ਆਪਣੇ ਅੱਬਾ ਨੂੰ ਮਿਲਣ ਲਈ, ਜਿਹੜੇ ਇਸ ਦੁਨੀਆਂ 'ਚ ਨੀਂ ਸੀ। ਪਰ ਮੈਂ ਸਮਝਦੀ ਸੀ ਕਿ ਉਹ ਪਿਛਲੇ ਪੰਜ ਸਾਲ ਤੋਂ ਮੇਰੀ ਉਡੀਕ ਕਰ ਰਹੇ ਨੇ, ਇਸ ਪਿੰਡ ਸਾਨਦਾਂ ਵਾਲਾ 'ਚ।

'ਹਜ਼ਾਰਾ ਸਿੰਘ ਨੂੰ ਮੈਂ ਹੀ ਮਜਬੂਰ ਕਰਕੇ ਲਿਆਈ ਸੀ ਇੱਥੇ। ਉਹ ਆਉਣਾ ਨੀਂ ਸੀ ਚਾਹੁੰਦਾ ਕਿਉਂ ਜੁ ਉਹ ਇਸ ਇਲਾਕੇ ਦੇ ਥਾਣੇਦਾਰ ਤੋਂ ਡਰਦਾ ਸੀ। ਮੈਨੂੰ ਕਲਕੱਤੇ ਵਰਗੇ ਸ਼ਹਿਰ 'ਚ ਲੁਕਾਈ ਰੱਖਣ ਲਈ, ਉਹ ਉਸਨੂੰ ਕਈ ਹਜ਼ਾਰਾਂ ਰੁਪਏ ਖੁਆ ਚੁੱਕਿਆ ਸੀ-ਪਰ ਉਹ ਥਾਣੇਦਾਰ ਬੜਾ ਲਾਲਚੀ ਸੀ। ਵਾਰੀ-ਵਾਰੀ ਪੈਸਿਆਂ ਦੀ ਮੰਗ ਕਰਦਾ ਰਹਿੰਦਾ ਸੀ ਤੇ ਇਹ ਧਮਕੀ ਵੀ ਦਿੰਦਾ ਸੀ ਕਿ ਉਹ ਉਸਦੀ ਰੇਸ਼ਮ ਕੌਰ ਨੂੰ ਪਾਕਿਸਤਾਨ ਭਿਜਵਾ ਦੇਵੇਗਾ। ਇਸੇ ਕਰਕੇ ਉਸਨੇ ਆਪਣਾ ਪਿੰਡ ਛੱਡ ਕੇ ਕਲਕੱਤੇ 'ਚ ਬੱਸਾਂ ਪਾ ਲਈਆਂ ਸਨ। ਮੈਂ ਹੀ ਉਸ ਨੂੰ ਕਿਹਾ ਸੀ ਕਿ ਮੈਨੂੰ ਇਕ ਵਾਰੀ ਪਿੰਡ ਜ਼ਰੂਰ ਲੈ ਚੱਲੇ-ਉੱਥੇ ਮੈਂ ਅੱਬਾ ਨੂੰ ਮਿਲਣਾ ਏ।

"ਆਖ਼ਰੀ ਵਾਰੀ ਮੈਂ ਉਨ੍ਹਾਂ ਨੂੰ ਸਕੂਲ ਦੇ ਗਰਾਊਂਡ 'ਚ ਮੁੰਡਿਆਂ ਨੂੰ ਡਰਿਲ ਕਰਵਾਉਂਦਿਆਂ ਹੋਇਆਂ ਦੇਖਿਆ ਸੀ। ਉਨ੍ਹਾਂ ਨੂੰ ਉਸੇ ਮੈਦਾਨ 'ਚ ਕਤਲ ਕਰ ਦਿੱਤਾ ਗਿਆ ਸੀ। ਉਨ੍ਹਾਂ ਦੀ ਵਿਸਲ ਉਨ੍ਹਾਂ ਦੇ ਮੂੰਹ 'ਚ ਹੀ ਰਹਿ ਗਈ ਸੀ। ਮੈਂ ਜਦੋਂ ਉਨ੍ਹਾਂ ਦੀ ਰੋਟੀ ਲੈ ਕੇ ਉੱਥੇ ਪਹੁੰਚੀ ਸੀ, ਉਨ੍ਹਾਂ ਨੇ ਮੁੰਡਿਆਂ ਨੂੰ ਜ਼ੋਰ ਨਾਲ ਕਿਹਾ ਸੀ, "ਮਾਰਚ ! ਤੇ ਨਿੱਕੇ-ਨਿੱਕੇ ਸਕੂਲੀ ਬੱਚੇ ਲੈਫ਼ਟ-ਰਾਈਟ, ਲੈਫ਼ਟ-ਰਾਈਟ ਕਰਦੇ ਹੋਏ ਮਾਰਚ ਕਰਨ ਲੱਗ ਪਏ ਸਨ।" ਮੈਂ ਹੁਣ ਵੀ ਉਸ ਖੇਡ ਦੇ ਮੈਦਾਨ ਵਿਚੋਂ ਹੋ ਕੇ ਆਈ ਆਂ...ਉੱਥੇ ਜਾਣ ਦਾ ਮੌਕਾ ਹੀ ਅੱਜ ਰਾਤੀਂ ਮਿਲਿਆ ਸੀ ਮੈਨੂੰ। ਉਸ ਸੁੰਨਸਾਨ ਮਾਹੌਲ 'ਚ ਅੱਜ ਵੀ ਮੈਂ ਆਪਣੇ ਅੱਬਾ ਤੇ ਉਨ੍ਹਾਂ ਦੀ ਵਿਸਲ ਦੀ ਆਵਾਜ਼ ਸੁਣਦੀ ਰਹੀ ਆਂ। ਉਹ ਅੱਜ ਵੀ, ਇਸ ਘੁੱਪ ਹਨੇਰੇ ਵਿਚ, ਲੈਫ਼ਟ-ਰਾਈਟ, ਲੈਫ਼ਟ-ਰਾਈਟ ਕਰਾਉਂਦੇ ਫਿਰਦੇ ਸੀ। ਉੱਥੇ ਜਾ ਕੇ ਮੈਨੂੰ ਉਹ ਦ੍ਰਿਸ਼ ਯਾਦ ਆ ਗਿਆ, ਉਸ ਥਾਂ ਮੇਰੇ ਪੈਰ ਗੱਡੇ ਗਏ-ਜਿੱਥੇ ਮੇਰੇ ਹੱਥਾਂ 'ਚੋਂ ਰੋਟੀ ਵਾਲਾ ਡੱਬਾ ਛੁੱਟ ਕੇ ਗਿਆ ਸੀ। ਜਿੱਥੋਂ ਮੈਨੂੰ ਚੁੱਕ ਕੇ ਦੋ ਗੁੰਡੇ ਸਰਦਾਰ ਕੋਲ ਲੈ ਗਏ ਸਨ ਤੇ ਇਕ ਕਮਰੇ 'ਚ ਬੰਦ ਕਰ ਦਿੱਤਾ ਸੀ। ...ਤੇ ਫੇਰ ਉੱਥੋਂ ਮੈਨੂੰ ਕਲਕੱਤੇ ਲੈ ਜਾਇਆ ਗਿਆ ਸੀ ਤੇ ਹਮੀਦਾ ਤੋਂ ਰੇਸ਼ਮ ਕੌਰ ਬਣਾ ਲਿਆ ਗਿਆ ਸੀ। ....ਮੈਂ ਉਸ ਹਮੀਦਾ ਨੂੰ ਕਿੱਦਾਂ ਭੁੱਲ ਸਕਦੀ ਸੀ, ਜਿਸਦਾ ਅਜੇ ਤੱਕ ਇਕ ਵੀ ਸੁਪਨਾ ਪੂਰਾ ਨੀਂ ਸੀ ਹੋਇਆ....?"

ਤੇ ਹਮੀਦਾ ਹੁਭਵੀਂ ਰੋਣ ਲੱਗ ਪਈ। ਫੇਰ ਰੋਂਦੀ ਹੋਈ ਬੋਲੀ, "ਅੱਜ ਮੈਂ ਆਪਣੇ ਅੱਬਾ ਨੂੰ ਬੜੀਆਂ ਆਵਾਜ਼ਾਂ ਮਾਰੀਆਂ....ਉਨ੍ਹਾਂ ਨੂੰ ਦੱਸਿਆ ਮੈਂ ਵਾਪਸ ਆ ਗਈ ਆਂ, ਸਿਰਫ਼ ਤੁਹਾਨੂੰ ਮਿਲਣ ਵਾਸਤੇ। ਪਰ ਉਨ੍ਹਾਂ ਨੇ ਕੋਈ ਜਵਾਬ ਨੀਂ ਦਿੱਤਾ। ਮੁੰਡਿਆਂ ਨੂੰ ਪੀ.ਟੀ. ਕਰਵਾਉਣ 'ਚ ਰੁੱਝੇ ਰਹੇ। ਸਰਦਾਰ ਜੀ! ਜੇ ਮੈਂ ਤੁਹਾਨੂੰ ਵੀ ਅੱਬਾ ਕਹਿ ਕੇ ਬੁਲਾਵਾਂ ਤਾਂ ਤੁਸੀਂ ਬੁਰਾ ਤਾਂ ਨੀਂ ਮੰਨੋਗੇ? ਤੁਸੀਂ ਭਗਵੰਤ ਤੇ ਕੁਲਵੰਤ ਦੇ ਦਾਰ-ਜੀ ਓ! ਭਗਵੰਤ, ਕੁਲਵੰਤ ਤੇ ਹਮੀਦਾ ਇਕੋ ਕਿਸਮ ਦੀ ਸਿਆਸਤ ਦਾ ਸ਼ਿਕਾਰ ਹੋਈਆਂ ਨੇ। ਇਸਲਾਮੀ ਰਾਜ ਤੇ ਲੋਕ ਰਾਜ ਦੋਹਾਂ ਮੁਲਕਾਂ 'ਚ ਅਗਵਾਹ ਹੋਈਆਂ ਔਰਤਾਂ ਨੂੰ ...ਲੁੱਟ ਦਾ ਮਾਲ ਸਮਝਿਆ ਗਿਆ। ਪੁਲਿਸ ਵਾਲੇ ਰਿਸ਼ਵਤਾਂ ਖਾ ਕੇ ਚੁੱਪ ਰਹੇ-ਅਸੀਂ ਮਜਲੂਮ ਔਰਤਾਂ ਵੀ ਉਨ੍ਹਾਂ ਦੀ ਨਜਾਇਜ਼ ਕਮਾਈ ਦਾ ਸਾਧਨ ਜੋ ਸੀ...ਉਹ ਸਾਨੂੰ ਦੋਜ਼ਖ਼ 'ਚੋਂ ਕਿਉਂ ਕੱਢਦੇ? ਪਰ ਅੱਜ ਮੈਂ ਆਪਣਾ ਇੰਤਕਾਮ ਲੈ ਲਿਆ ਏ। ਐਨੇ ਚਿਰ ਦੀ ਇਸੇ ਇੰਤਜ਼ਾਰ ਚ ਸੀ ਕਿ ਇਕ ਵਾਰੀ ਉੱਥੇ ਪਹੁੰਚ ਜਾਵਾਂ, ਜਿੱਥੋਂ ਅਗਵਾਹ ਕਰ ਲਈ ਗਈ ਸੀ। ਜਿੱਥੇ ਹਜ਼ਾਰਾ ਸਿੰਘ ਦੇ ਉਹ ਸਾਰੇ ਸਾਥੀ ਰਹਿੰਦੇ ਨੇ ਜਿਹਨਾਂ ਨੇ ਵਾਰੀ-ਵਾਰੀ ਮੇਰੀ ਪੱਤ ਲੁੱਟੀ ਸੀ। ਅੱਜ...!"

"ਅੱਜ ਕੀ ਹੋਇਆ??? ਮੈਂ ਘਬਰਾ ਕੇ ਪੁੱਛਿਆ।

ਉਹ ਅਜੀਬ ਜਿਹਾ ਵਹਿਸ਼ੀ ਹਾਸਾ ਹੱਸੀ, "ਅੱਜ ਮੈਂ ਉਹਨਾਂ ਸੂਰਵੀਰਾਂ ਨੂੰ ਹਮੇਸ਼ਾਂ-ਹਮੇਸ਼ਾਂ ਲਈ ਸੰਵਾ ਦਿੱਤਾ ਏ, ਜਿਹਨਾਂ ਨੇ ਬੜੀ ਬਹਾਦਰੀ ਨਾਲ ਮੈਨੂੰ ਫਤਹਿ ਕੀਤਾ ਸੀ।...ਦੇਖੋ ਇਹ ਮੇਰੇ ਹੱਥ 'ਚ ਕੀ ਏ? ਇਹ ਉਹੀ ਜ਼ਹਿਰ ਏ, ਜਿਹੜਾ ਮੈਂ ਥੋੜਾ ਕੁ ਬਚਾਅ ਲਿਆ ਏ।"

"ਤੂੰ ਬਦਲਾ ਲੈ ਲਿਆ, ਚੰਗਾ ਕੀਤਾ। ਮੈਂ ਉਸਦੇ ਸਿਰ 'ਤੇ ਹੱਥ ਰੱਖਦਿਆਂ ਹੋਇਆ ਕਿਹਾ। ਮੇਰਾ ਹੱਥ ਕੰਬ ਰਿਹਾ ਸੀ।

"ਹਾਂ, ਅੱਬਾ ਜੀ! ਮੈਨੂੰ ਤੁਹਾਡੇ ਕੋਲੋਂ ਇਹੋ ਉਮੀਦ ਸੀ ਕਿ ਤੁਸੀਂ ਨਾਰਾਜ਼ ਨੀਂ ਹੋਵੋਗੇ। ਮੈਨੂੰ ਝਿੜਕੋਗੇ ਨੀਂ। ਹਿਰਖ ਕੇ ਮੇਰਾ ਗਲ ਨੀਂ ਘੁੱਟ ਦਿਓਗੇ।"

ਨੀਂ ਮੈਂ ਐਦਾਂ ਹਰਗਿਜ਼ ਨੀਂ ਕਰ ਸਕਦਾ। ਪਰ ਪੁੱਤ ਹੁਣ ਤੂੰ ਜਾਵੇਂਗੀ ਕਿੱਥੇ???

"ਕਿਤੇ ਵੀ ਨੀਂ.. ਇੱਥੇ ਤੁਹਾਡੇ ਕੋਲ ਬੈਠ ਕੇ ਸਵੇਰ ਹੋਣ ਦਾ ਇੰਤਜ਼ਾਰ ਕਰਾਂਗੀ। ਜਦੋਂ ਸਾਰੇ ਪਿੰਡ ਨੂੰ ਪਤਾ ਲੱਗ ਜਾਵੇਗਾ ਤੇ ਉਹ ਮੈਨੂੰ ਲੱਭਦੇ ਹੋਏ ਇੱਥੇ ਆਉਣਗੇ.. ਮੈਂ ਉਹਨਾਂ ਦੇ ਸਾਹਮਣੇ ਹੱਸਦਿਆਂ-ਹੱਸਦਿਆਂ ਇਹ ਪੁੜੀ ਮੂੰਹ 'ਚ ਪਾ ਲਵਾਂਗੀ....ਤੇ ਉਹਨਾਂ ਦੀਆਂ ਨਜ਼ਰਾਂ ਸਾਹਮਣੇ ਫੁਰ-ਰ ਕਰਕੇ ਉੱਡ ਜਾਵਾਂਗੀ।"

ਕਹਿ ਕੇ ਉਹ ਖਿੜ-ਖਿੜ ਕਰਕੇ ਹੱਸਣ ਲੱਗ ਪਈ। ਉਸਦੇ ਚਿਹਰੇ 'ਤੇ ਅੰਤਾਂ ਦਾ ਭੋਲਾਪਨ ਸੀ, ਪਰ ਉਸ ਪਿੱਛੇ ਇਕ ਦਿਲ ਹਿਲਾ ਦੇਣ ਵਾਲੀ ਵਹਿਸ਼ਤ ਵੀ ਛਿਪੀ ਹੋਈ ਸੀ।

ਮੈਂ ਕੰਧ ਘੜੀ ਵੱਲ ਦੇਖਿਆ। ਚਾਰ ਵੱਜਣ ਵਾਲੇ ਹੋ ਗਏ ਸਨ। ਗੱਡੀ ਦੇ ਆਉਣ ਦਾ ਸਮਾਂ ਹੋ ਚੱਲਿਆ ਸੀ। ਮੈਂ ਖਿੜਕੀ ਖੋਲ੍ਹ ਕੇ ਬਾਹਰ ਦੇਖਿਆ-ਦੂਰੋਂ ਕੋਈ ਮੁਸਾਫ਼ਿਰ ਖੰਘਦਾ ਹੋਇਆ ਆ ਰਿਹਾ ਸੀ। ਮੈਂ ਕਾਹਲ ਨਾਲ ਟਿਕਟਾਂ ਵਾਲੀ ਅਲਮਾਰੀ ਖੋਲੀ, ਉਸ 'ਚੋਂ ਇਕ ਟਿਕਟ ਕੱਢ ਕੇ ਉਸਨੂੰ ਮਸ਼ੀਨ ਵਿਚ ਨੱਪਿਆ, ਖਟਾਕ ਦੀ ਆਵਾਜ਼ ਨਾਲ ਉਸ ਤੇ ਅੱਜ ਦੀ ਤਾਰੀਕ ਪੈ ਗਈ ਤੇ ਉਸਨੂੰ ਫੜਾਉਂਦਾ ਹੋਇਆ ਬੋਲਿਆ, "ਕੁਸ਼ ਚਿਰ ਬਾਅਦ ਗੱਡੀ ਆ ਰਹੀ ਏ, ਜਿਹੜੀ ਤੈਨੂੰ ਜਲੰਧਰ ਲੈ ਜਾਵੇਗੀ। ਤੂੰ ਉੱਥੇ ਜਾ ਕੇ ਪਾਕਿਸਤਾਨ ਦੇ ਡਿਪਟੀ ਕਮਿਸ਼ਨਰ ਦੇ ਦਫ਼ਤਰ 'ਚ ਚਲੀ ਜਾਵੀਂ...ਉਹ ਤੈਨੂੰ ਪਾਕਿਸਤਾਨ ਭੇਜ ਦੇਵੇਗਾ।

"ਮੈਂ ਪਾਕਿਸਤਾਨ ਜਾ ਕੇ ਕੀ ਕਰਾਂਗੀ? ਉੱਥੇ ਮੇਰਾ ਕੋਈ ਨੀਂ। ਮੇਰੇ ਸਾਰੇ ਰਿਸ਼ਤੇਦਾਰ ਕਤਲ ਕਰ ਦਿੱਤੇ ਗਏ ਸੀ।"

"ਪਰ ਤੂੰ ਅਜੇ ਇਕ ਜ਼ਰੂਰੀ ਕੰਮ ਹੋਰ ਕਰਨਾ ਏ ਪੁੱਤਰ! ਆਹ ਤੇਰੇ ਕੋਲ ਜਿਹੜਾ ਜ਼ਹਿਰ ਬਚਿਆ ਏ ਨਾ..ਇਸਨੂੰ ਆਪਣੇ ਕੋਲ ਸੰਭਾਲ ਕੇ ਰੱਖੀਂ। ਜਦੋਂ ਉੱਥੇ ਜਾਵੇਂ ਤਾਂ ਸ਼ਹਿਰ ਮੀਆਂ ਵਾਲੀ ਜਾਵੀਂ-ਉੱਥੋਂ ਪੁੱਛ ਕੇ ਮੀਆਂ ਵਾਲੀ ਦੇ ਪਿੰਡ ਰੋਖੜੀ ਜਾਵੀਂ। ਉੱਥੇ ਵੀ ਇਕ ਹਜ਼ਾਰਾ ਸਿੰਘ ਵਰਗਾ ਜ਼ਿਮੀਂਦਾਰ ਨੂਰ ਮੁਹੰਮਦ ਰਹਿੰਦਾ ਏ। ਉਸਦੀ ਇਕ ਵੱਡੀ ਸਾਰੀ ਹਵੇਲੀ ਏ, ਉਸ 'ਚ ਮੇਰੀਆਂ ਦੋਵੇਂ ਮਾਸੂਮ ਬੱਚੀਆਂ ਕੈਦ ਨੇ-ਇਹ ਜ਼ਹਿਰ ਉਨ੍ਹਾਂ ਨੂੰ ਦੇ ਦੇਵੀਂ ਤੇ ਉਨ੍ਹਾਂ ਨੂੰ ਦੱਸ ਦੇਵੀਂ ਕਿ ਤੁਹਾਡਾ ਬਦਨਸੀਬ ਪਿਓ ਇਸ ਉਜਾੜ ਬੀਆਬਾਨ ਸਟੇਸ਼ਨ 'ਤੇ ਤੁਹਾਡਾ ਇੰਤਜ਼ਾਰ ਕਰ ਰਿਹਾ ਏ। ਤੇਰੇ ਜਾਣ ਪਿੱਛੋਂ ਮੈਂ ਹਰੇਕ ਗੱਡੀ 'ਤੇ ਉਨ੍ਹਾਂ ਦੀ ਵਾਪਸੀ ਦੀ ਉਡੀਕ ਕਰਾਂਗਾ।"

**......ਬਾਕੀ ਸਫ਼ਾ 15 ਦੀ (ਨਾਮਧਾਰੀ ਲਹਿਰ..)**

ਨਾਲੋਂ ਸਪਸ਼ਟ ਤੋੜ ਵਿਛੋੜਾ ਕਰਨਾ ਉਸ ਲਹਿਰ ਦੀਆਂ ਸਰਹੱਦਾਂ ਅਤੇ ਦਿਸਹੱਦੇ ਮਿਥਣ ਵਿਚ ਬਹੁਤ ਮਹੱਤਵਪੂਰਨ ਹੁੰਦਾ ਹੈ।

ਇਸ ਕਰਕੇ ਨਾਮਧਾਰੀ ਲਹਿਰ ਦੁਆਰਾ, ਵਿਦੇਸ਼ੀ ਹਾਕਮਾਂ ਦਾ ਬਾਈਕਾਟ, ਗਊ ਹੱਤਿਆ ਦਾ ਵਿਰੋਧ ਅਤੇ ਸਮੁੱਚੀ ਮਨੁੱਖਤਾ ਅਤੇ ਕੁਦਰਤ ਉਪਰ ਜ਼ੁਲਮਾਂ ਦਾ ਵਿਰੋਧ, ਲਾਜ਼ਮੀ ਵਿੱਦਿਆ ਅਤੇ ਅਗਿਆਨਤਾ ਦਾ ਵਿਰੋਧ, ਸ਼ੁੱਧਤਾ ਰਾਹੀਂ ਅਸ਼ੁੱਧਤਾ ਦਾ ਖਾਮਾ ਅਜਿਹੇ ਤੋੜ ਵਿਛੋੜੇ (Discontinuities) ਹਨ। ਜਿਹਨਾਂ ਨੇ ਨਾ ਸਿਰਫ ਇਸ ਲਹਿਰ ਦਾ ਬੌਧਿਕ ਅਤੇ ਆਤਮਿਕ ਚੌਖਟਾ ਨਿਰਧਾਰਤ ਕੀਤਾ ਸਗੋਂ ਉਸ ਸਮੇਂ ਦੇ ਸੰਕਟਾਂ ਅਤੇ ਮਨੁੱਖਤਾ ਸਾਹਵੇਂ ਆਉਣ ਵਾਲੇ ਸਮੇਂ ਦੇ ਸੰਕਟਾਂ ਦਾ ਇਕ ਬਹੁਤ ਹੀ ਕਾਰਗਰ ਅਤੇ ਅਪਨਾਉਣਯੋਗ ਹੱਲ ਪੇਸ਼ ਕੀਤਾ ਇਸ ਵਿਚ ਕੋਈ ਹੈਰਾਨੀ ਨਹੀਂ ਕਿ ਭਾਰਤ ਵਿਚੋਂ ਬਸਤੀਵਾਦ ਦੇ ਮੁਕੰਮਲ ਖਾਤਮੇ ਲਈ ਨਾਮਧਾਰੀ ਲਹਿਰ ਵਲੋਂ ਵਿਕਸਤ ਕੀਤਾ ਬਦੇਸ਼ੀ ਹਾਕਮਾਂ ਨਾਲ ਨਾ-ਮਿਲਵਰਤਨ ਦਾ ਹਥਿਆਰ ਹੀ ਸਭ ਤੋਂ ਵੱਧ ਕਾਰਗਰ ਸਾਬਿਤ ਹੋਇਆ। ਨਾਮਧਾਰੀ ਸੂਰਮਿਆਂ ਵੱਲੋਂ ਦਿੱਤੀਆਂ ਅਦੁੱਤੀ ਕੁਰਬਾਨੀਆਂ ਅਤੇ ਨਾਮਧਾਰੀ ਸ਼ਰਧਾਲੂਆਂ ਦੀ ਕੀਤੀ ਤਪੱਸਿਆ, ਸਾਧਨਾ ਅਤੇ ਨਾਮ ਸਿਮਰਨ ਦੀ ਘਾਲਣਾ ਸਦਕਾ ਹੀ ਇਹ ਲਹਿਰ ਇਕ ਫਿਰਕੇ ਦੇ ਰੂਪ ਵਿਚ ਜੀਵੰਤ ਹੈ । ਵਰਨਾ ਦੁਨੀਆਂ ਦੇ ਇਤਿਹਾਸ ਵਿਚ ਲਗਾਤਾਰ 150 ਸਾਲਾਂ ਦੇ ਲਗਭਗ ਵਿਦੇਸ਼ੀ ਜ਼ੁਲਮ ਅਤੇ ਦੇਸੀ ਵਿਰੋਧ ਦੇ ਬਾਵਜੂਦ ਜ਼ਿੰਦਾ ਰਹਿਣ ਵਾਲੀਆਂ ਲਹਿਰਾਂ ਦੀ ਗਿਣਤੀ ਬਹੁਤ ਘੱਟ ਹੈ।

# MEDITATING ON NAAM

Assu da mela 1995.
Sri Bhaini Sahib

✍ *–Sri Satguru Jagjit Singh ji Discourses*

**Translated from recorded audio (punjabi) parvachan (speeches)**

When people start meditation, one of the questions they often have is that they are unable to concentrate. This is heartening because the most difficult step of beginning to meditate has been taken, and only once a person is meditating do they think about concentration. This sense of realisation does not occur to us whilst watching a movie or when indulging in gossip or slander. It is only when we step on this path of naam simran, do we begin thinking about our shortcomings; just as someone can only be treated when they acknowledge they have an illness. Therefore, those who meditate should not lose faith even if initially they feel they are unable to concentrate.

In His discourses, Sri Satguru Partap Singh Ji narrates the account of Lord Krishna and the Gopis. When the Gopis enjoyed the transcendental company of Lord Krishna, they became so proud and thought that the Lord was within their control. No sooner did they think such; their Lord disappeared amidst them in order to curb their pride. Not able to cope with the loss of their beloved Lord, the Gopis prayed for Him to reappear and sought the help of the saints of Satyug, Treta and Duapar, but to no avail. Finally, when they beseeched Him through the saints of Kalyug, Lord Krishna appeared in an instant. Astounded at this occurrence, the Gopis asked why the Lord accepted their prayers through the saints of Kalyug despite the fact that the saints of the preceding three Yugas are known to have carried out much lengthier and arduous penances. The Lord answered that it was much easier to meditate in the earlier ages where dharma was strong and the environment more conducive for devotion to God. Whereas in Kalyug, dharma is weaker and the tendency of devotion towards God is far less, therefore those who take the time to meditate in Kalyug are truly blessed.

We can also use the example of Muslim pilgrims in Mecca. Consider the environment and circumstances under which they endure their prayers; there are no trees for shade, water is sparse, the surface is sandy and not to mention the intense heat of the desert. Yet despite these difficulties they complete their prayers diligently. In contrast, those who have only experienced the luxuries and conveniences of modern living; can they comprehend the difficult conditions endured by those in the desert? Similarly, in the earlier ages of Satyug, Treta and Duapar, vices were far less and lengthy penance was easily attainable. By comparison, in Kalyug, we are constantly battling with negative vices and in spite of these, those who are able to rise above this and continue to be devoted towards God are truly blessed souls. Equally, these individuals are only able to remain so because of Satguru Ji's blessings.

It is true that when we meditate, our mind wanders but physically at least we are still sitting in one place and meditating; this in itself is beneficial. Sri Satguru Partap Singh Ji used to give the example of two monkeys; an unchained, mischievous monkey that jumps around causing destruction and a chained monkey, that continues to be playful, but does not cause any destruction. Likewise, though the mind wanders, meditation at least chains your mind to a righteous cause.


Let us consider another analogy. We are exposed to various different foods, some delicious and some not so. However, when we are hungry we tend to ignore any shortcomings in the taste i.e. too much or too little salt etc. As a result, because of our hunger we still end up eating the food even though it may otherwise be considered to be 'tasteless', thus satisfying our hunger. Similarly, when one meditates on the name of the Lord, the fact that one is seated, irrespective of whether it is perceived as being quality meditation or not, it still impacts the mind positively. To enhance this impact, we should try and focus on the image of Sri Satguru Ram Singh Ji with the longing of receiving their divine darshan. Gurbani emphasizes the importance of this technique as:


ਸਤਿਗੁਰ ਕੀ ਮੂਰਤਿ ਹਿਰਦੈ ਵਸਾਏ
Satgur Kee Moorat Hirdai Vasaa-ay
He who enshrines the image of his Satguru in his heart


ਜੋ ਇਛੈ ਸੋਈ ਫਲੁ ਪਾਏ
Jo Ichhai So-ee Fal Paa-ay
He obtains the rewards that he desires


Today in an era where several morally damaging forces surround us, it is truly commendable that one is still able to sit and do naam simran. While doing so, we should keep in mind not to harbour hatred towards anyone and be more worried about introspection rather than worry about what others do.


# ਗਿਆਨੀ ਸੰਤੋਖ ਸਿੰਘ ਜੀ ਦੇ ਕਿਤਾਬਚੇ: ਵੰਨਗੀ















ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ 'ਚ
ਗਿਆਨੀ ਸੰਤੋਖ ਸਿੰਘ ਜੀ ਅਤੇ
ਪੋਤਰੇ ਮੰਗਲ ਸਿੰਘ, ਮਹਿਲ ਸਿੰਘ









ਸੱਚ, ਸੁੱਚ, ਸੰਜਮ, ਸੇਵਾ, ਸਿਮਰਨ
ਪ੍ਰੇਮ-ਭਗਤਿ, ਪ੍ਰਵਾਨ।
ਗਿਆਨ ਤਿਆਗ ਵੈਰਾਗ ਦੀ ਮੂਰਤ
ਗੁਰਮਤਿ, ਬ੍ਰਹਮ ਗਿਆਨ।
ਵਡ-ਪ੍ਰਤਾਪੀ ਗੁਰ ਜਗਜੀਤ ਦੇ
ਸ੍ਰੀ ਚਰਨਾਂ ਦੇ ਭੌਰੇ,
ਧੰਨੁ ਲੇਖਾਰੀ ਸਿੰਘ ਸੰਤੋਖ ਜੀ
ਗੁਰ ਕੇ ਸਿੱਖ-ਸੁਜਾਨ।

-ਹ.ਸ. ਸੇਵਕ





# 27 ਅਕਤੂਬਰ ਤੋਂ 1 ਨਵੰਬਰ 2018 ਸ੍ਰੀ ਸਤਿਗੁਰੂ ਜੀ ਦੇ ਥਾਈਲੈਂਡ ਦੌਰੇ ਦੀਆਂ ਝਲਕੀਆਂ:



ਸੇਠ ਮਹਿੰਦਰ ਸਿੰਘ ਪ੍ਰੀਤ ਦੇ ਗ੍ਰਿਹ ਵਿਖੇ।



ਡੇਰੇ ਬੱਚਿਆਂ ਨਾਲ ਬਚਨ ਬਿਲਾਸ।



ਸ੍ਰ.ਲਖਵਿੰਦਰ ਸਿੰਘ ਦੇ ਗ੍ਰਿਹ ਵਿਖੇ।



ਸ੍ਰ. ਜਗਤਾਰ ਸਿੰਘ ਦੇ ਗ੍ਰਿਹ ਵਿਖੇ।



ਸੇਠ ਇੰਦਰਪਾਲ ਸਿੰਘ ਦੀ ਸਪੁੱਤਰੀ ਦੇ ਗ੍ਰਿਹ ਵਿਖੇ।



ਸ੍ਰ. ਇੰਦਰਪਾਲ ਸਿੰਘ ਮਦਾਨ ਸਿੰਘ ਦੇ ਗ੍ਰਿਹ ਵਿਖੇ।



ਸ੍ਰ.ਕੁਲਵੰਤ ਸਿੰਘ ਗੰਭੀਰ ਦੇ ਗ੍ਰਿਹ ਵਿਖੇ।



ਸ੍ਰ.ਗੁਰਬਚਨ ਸਿੰਘ ਮਨਚੰਦਾ ਸਿੰਘ ਦੇ ਗ੍ਰਿਹ ਵਿਖੇ।

# ਬੰਕੋਕ (ਥਾਈਲੈਂਡ) ਦੌਰੇ ਦੀਆਂ ਝਲਕੀਆਂ:



ਬਲਵਿੰਦਰ ਸਿੰਘ ਚਾਵਲਾ ਦੇ ਗ੍ਰਿਹ ਵਿਖੇ।



ਜਸਪਾਲ ਸਿੰਘ ਸਚਦੇਵ ਅਤੇ ਕੰਵਲਜੀਤ ਕੌਰ।





ਨੌਂਗਨੌਚ ਪਾਰਕ (ਪਥੀਆ) ਥਾਈਲੈਂਡ ।



ਸ੍ਰੀ ਸਤਿਗੁਰੂ ਜੀ ਪਾਰਕ ਵਿੱਚ ਸਿੱਖਾਂ-ਸੇਵਕਾਂ ਸਹਿਤ।



ਸੇਠ ਸੁਰਅੰਮ੍ਰਿਤ ਸਿੰਘ ਚਾਵਲਾ ਦੇ ਦਫ਼ਤਰ ਵਿੱਚ।



ਸੇਠ ਬਲਦੇਵ ਸਿੰਘ ਨੂੰ ਅਸ਼ੀਰਵਾਦ।



ਸੁਪਿੰਦਰਪਾਲ ਸਿੰਘ ਤੇ ਰਣਜੀਤ ਕੌਰ ਦੇ ਅਨੰਦ ਕਾਰਜ ਦੀ ਅਰਦਾਸ।

# ਸ੍ਰੀ ਸਤਿਗੁਰੂ ਜੀ ਦੇ ਥਾਈਲੈਂਡ ਦੌਰੇ ਦੀਆਂ ਝਲਕੀਆਂ:



1-11-2018 ਬੰਕੋਕ ਡੇਰੇ ਥਾਈਲੈਂਡ ਦੇ ਬੱਚਿਆਂ ਦਾ ਕੀਰਤਨ।



1-11-2018 ਬੰਕੋਕ ਡੇਰੇ ਹਜ਼ੂਰੀ ਰਾਗੀਆਂ ਵੱਲੋਂ ਕੀਰਤਨ।



30-10-2018 ਬੰਕੋਕ ਬੀਬੀ ਸਤਵੰਤ ਕੌਰ ਬੁੱਧੀਰਾਜਾ।



27-10-2018 ਬੰਕੋਕ ਨਿਰੰਕਾਰ ਸਿੰਘ ਮਾਟਾ।



ਸ੍ਰੀ ਸਤਿਗੁਰੂ ਜੀ ਹੰਸਪਾਲ ਨਾਲ ਬਚਨ ਬਿਲਾਸ ਕਰਦੇ ਹੋਏ।



ਨੌਂਗਨੌਚ ਪਾਰਕ (ਪਥੀਆ) ਥਾਈਲੈਂਡ।



ਬੀਬੀ ਤਜਿੰਦਰ ਕੌਰ ਕੋਮਲ।

# A SAGA OF
# SRI SATGURU JAGJIT SINGH JI

✍ –Dr. Sharada Jayagovind

Beant ji was just a child of four when he lost his loving mother. One wonders if Beant ji was destined to grow up in the care of mis mothers and also to learn the lesson of detachment at such a tender age.

Satguru Partap Singh ji choose not to marry again and when his mother Mata Jivan Kaur ji pestered him to remarry, Satguru Prap Singh ji replied:

"If you can find another Bhupinder, I will marry."

This answer reveals Satguru Partap Singh ji's deep love and regard for his gentle wife. It was she who pleaded with him to allow women to participate in the month-long jap paryog, which was till then the privilege of men. Sant Mangal Singh 'Arshi Farishta', a holy man, influenced Satguru Partap Singh ji's decision not to remarry.

After the untimely demise of his wife, Satguru Partap Singh ji shared the responsibility of bringing up his sons with his mother Mata Jivan Kaur ji and aides such as Gurmukh Singh Jhabbar ji and others. Amboji, the mother of Mata Bhupinder Kaur, stayed in Sri Bhaini Sahib and took care of the grandsons. She played the role of mother to Bir Singh ji (Vallabh ji / Ballo ji) who was just eleven months old when Mata Bhupinder Kaur merged with the light.

Even though Satguru Partap Singh ji adored his sons, he was concerned that they should not be spoilt by the affection showered on them by men and women of the dera and by doting relatives. He ensured that Beant ji and his younger brother, Ballo ji, grew up with many other children, the normal way, learning the skills needed to carry on life.

When Beant ji was just four years old, his father decided to send him from Sri Bhaini Sahib to Ghardiwala ashram, Hoshiarpur at the foot of the Shivalik hills. This ashram as founded by Baba harnam Singh, a holy man.

The ashram was a peaceful and picturesque place blessed with the beauty and serenity of Nature. Beant ji was like a tiny bud absorbing the sweetness of the air, the openness of the skies and silently communing with Nature and God. One day this bud was to blossom full to spread its fragrance far and wide.

Gurmukh Singh Jhabbar ji, a young man of twenty-five and a trusted aide of Satguru Partap Singh ji, accompanied Beantji to Ghardiwala ashram. Growing up at the ashram in the

company of holy men and Mother Nature, Beant ji imbibed the spirit of Freedom and Namdhari spiritual fervour.

Beant ji's days were filled with play, work and prayer. Yet there were days when he was restless. On one such day, when sleep coded Beant ji, Jhabbarji asked him:

“Beant ji, what is bothering you? Why are you not sleeping”

Beantji answered: "I want to see the stars."

It was a cold winter night. Yet, Jhabbar ji took the child outside the house. Beant ji gazed at the twinkling stars for a long time.

Jhabbarji gently reminded him:

"Let us go to bed, we have to get up early in the morning."

Beantji insisted:

Sant ji, bring the stars into the house. I want to see them under my roof."

Even as a child, Beant ji was a visionary who wanted to reach out to the stars and the moons. He was a true seeker of light.

Another episode from Beant ji's childhood reveals Satguru Partap Singh ji as a very strict father, who did not spare the rod when necessary.

One day, Beant ji was playing in the garden. Just then, a bird's nest tumbled down and a few eggs broke. Satguru Partap Singh ji thought that Beant ji was responsible for this and ordered that Beant ji be tied with a rope to a Karonda tree. When Jhabbar ji returned from work, he saw the child wilting under the hot sun and moved to untie the rope.

Bhai Vazir Singh, the personal attendant of the Satguru, warned Jhabbarji. He said:

"Oh Bhai, do not untie the rope, whoever dares to do so shall face Satguruji's khunda."

Undeterred, Jhabbar ji walked towards the tree, untied the child, bathed him and spread a soft bed on the verandah and made him sleep. Satguru Partap Singh ji came out after an hour and was surprised to see his son sleeping peacefully in the arms of Jhabbar ji. By then, his anger had melted and with a sense of relief, he said:

"Now that the patandar has come, I am not worried. He will take care of my son."

While Jhabbar ji took care of Beant ji like a mother, it was Mahant Kesar Singh Majahad who taught him to recite the Gurbani and meditate on the naam. Performing naam simran and observing strict maryada became a way of life with Beant ji from childhood.

**to be continue.......**

# SPORTS

(Navjot Kaur)

Satguru Partap Singh Ji, according to his discipline and nature, used to come to Sri Bhaini Sahib sometimes, (but) stayed for the most time on *Neelon Neher*. In the hut of straws, amidst the shade of trees of mango, lilac and acacias, along the edge of *Neelon* canal, the solitude of that environment was dear to Satguru Ji. After substantial appeals and pleas by companions, (Satguru Ji) occasionally used to visit nearby villages like *Eraak*, *Lalli*, *Alaur*, *Chak Kookian*, etc.

Among the companions of Satguru Ji were Sant Gurbaksh Singh Ji of *Chak* and Sant Bhai Vajeer Singh Ji. Sant Gurmukh Singh Ji had a good physique and an amusing nature. He used to recite *Shabad* (of Gurbani), do meditation and remained in service of Satguru Partap Singh Ji. He used to cope with the intensely strict routine of Satguru Ji and used to serve by doing hard work day and night. He used to like exercising a lot. Sant Ji could not say anything to Satguru Ji, but he could not remain without workout also. After getting time from bathing, meditation and other activities, for the maintenance of body and for relaxation, Sant Ji used to do running, wrestling, swimming and climbing.

Companions of Satguru Ji always wished that Satguru Ji spend more time with them, however, the liking of Satguru Ji for meditation in secluded place and no leisure activities did not allow the companions a nearness that they unfailingly longed for.

One day, noticing Satguru Partap Singh Ji talking to Sant Vajeer Singh Ji (*Hazoori sewak*, attendant of Saguru Ji), Sant Lal Singh Ji of *Bhure Gillan* (village) went near and talked about a hymn from Gurbani, ''According to a sentence in *Mahala* 4 of *Vaar* of *Bihagra* (Raag),

ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ ॥
ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥

and also one *Gur-vaak* (sentence from Gurbani) is there,

ਮਾਣਸ ਜਨਮੁ ਵਡ ਪੁੰਨੇ ਪਾਇਆ ਦੇਹ ਸੁ ਕੰਚਨ ਚੰਗੜੀਆ ॥

whose meaning appears to be that human form and this body should be taken care of and prepared in an active agile way, because it is in its heart where *Gur-charan* (lotus feet of God) and its tongue where *Naam* (name of God) resides.

Sant (Wazir Singh Ji) said,

ਦੇਹ ਘੋੜੀ ਜੀ ਜਿਤੁ ਹਰਿ ਪਾਇਆ ਰਾਮ ॥

@ sentence also implies that it is with the help of this body that God can be attained. If this body becomes weak, then one becomes unable to maintain it and also becomes unable to serve others. Sant Ji said that in his view if a horse starts running and an ox start working, then its habit (of doing work) should be continued. Satguru Partap Singh Ji agreed to the views. Gurbaksh Singh Ji and Vajeer Singh Ji, jubilant upon acceptance of Satguru Ji to their views (and delighted by the fact that now Satguru Partap Singh Ji would himself spend more time with them), loudly called the *Jaikara* (*Jo Bole So Nihal, Sat Sri Akal*).

(Thereafter) Satguru Ji used to stay at *Neher* (*Neelon* canal), celebrate with the Sikh companions and now used to spend considerably more time even in Sri Bhaini Sahib. Satguru Ji used to stay in the Ramsar Kothi. On coming to *Neelon Neher*, he used to do exercise, run, swim in a straight line amidst the fast flowing stream of *Neelon Neher*. He told the Sikhs that in this fast flowing stream of Nillon, swimming in a straight line owing to strong body, is an art in itself, which every human should ideally possess. (Satguru Ji used to guide), ''As is said, that possession of a (human) quality helps in an adverse situation, hence, a human should gain all qualities, which is sure to assist in the testing times''. Like God Krishna used to play water games with companions in the river Yamuna, Satguru Ji used to sport excessively with the Sikh companions.

(Translated from the text of Jas Jeewan Volume 1 written by Sant Taran Singh Ji Wehmi).

# Intellect gets Sanctified

ਬੁੱਧ ਸੁੱਧ ਹੋਇ ਜਾਂਦੀ ਹੈ

( Ajmer Singh)

***The rejuvenation of the Sikhs under the guidance of Satguru Hari Singh Ji, who were otherwise despaired by the sequence of catastrophic events against them, is described by Sant Santokh Singh Ji Bahowal in 'Satguru Bilas' granth. The native state(s)-sponsored hostilities against Namdhari Sikhs at various places is also mentioned.***

All the *Rajas* (prince chieftains) called the Singhs of their states who were Namdharis. (They directed the Namdhari Singhs) to leave Kookaism. Singhs questioned, ''What Kookaism shall we leave?'' The *Suba* of Danola was asked to drink water from *boka* (leather container) and leave *Kachera* (underclothing, which is part of five Ks of Sikhism). (He was asked) not to go to anyone and not to allow anyone to visit him. (He was told), 'The *shabad* (hymn or paragraph in the holy texts of Sikhs) that you recite when you get together, leave that (practice). Wherever you go, inform first'. The (Namdhari) Singhs said, ''We can neither leave *Kachera*, nor drink water from *boka*. We cannot refuse the Singhs (who would come to visit us). The Singhs were then given leave (termination from the hitherto held position), and were directed to bid farewell to the guest or visiting Singhs by only offering food (*implying not to entertain them for a longer time*). The Singhs went to their respective places of residence.

On the sixth day, Singhs were called again and asked to go to Amritsar and get in writing from there that (the Sikhs in question) have taken bath (in *sarovar*), got initiation in *Amrit* (ambrosial nectar used for initiating someone into Sikhism) and are Singhs of the Guru. The Singhs said that they go to Amritsar regularly. (The Singhs questioned), ''Why do you remove us from our positions, what is our crime?''. (They were) told that Raja has written that the Namdhari Singhs be sent to Amritsar for apology. (*It is ironical that the Namdharis were being persecuted, when they had worked for maintaining the purity and sanctity of Harmandir Sahib, as evident from numerous British reports themselves including a then confidential report, now available in National Archives of India, from L.H. Griffin, Officiating Secretary to the Government of Panjab to E.C. Bayley, Esq., C.S.I., Secretary to the Government of India dated 9th September, 1871, which clearly mentions the events preceding the assault on slaughter-house in Amritsar in the following words, 'During the months of April and May of that year considerable excitement prevailed in the city of Amritsar on the subject of the slaughter of kine. This excitement was to an extent hitherto unusual, and there is reason to believe owed its origin mainly to the exposure of beef for sale in the city, and to the fact of one Deva Singh, a Sikh, irritated by this exposure into the temple, picking up a bone and placing it in front of the Granth, the holy book of the Sikhs'*). Rann Singh said that he will get in writing for all the Singhs. (He asserted) that he accepts responsibility for all the Singhs. Rann Singh went to Amritsar. The *pujari* (priest) was familiar to Nabha (state). He immediately wrote that (Rann Singh) has taken bath, got initiation in *Amrit* and is a Singh of Guru. (Despite this) on the fifth day again, twenty five Singhs were sent to *Mahant* Narayan Singh of Nabha with an instruction to

(re-)initiate the Singhs in Amrit. (The *Mahant* was told to) Do that (thing or act) whereby no one (from the Namdhari fraternity) should hold any relations with the Singhs (which were sent from state for re-initiation). (*The idea of prince was to breach the ties between Namdhari Singhs of the state with those present elsewhere*). When Singhs went, (they found) the carpet in front of them to be of blue color. Seeing this, the Singhs did not even step on it. Narayan Singh *Mahant* said that he got information from *Takhts* (eminent places) that *dastar* (Sikh headgear) of Namdharis falls (in state of eternal bliss or *Masti*). He started re-initiating in *Amrit*. Bhagwan Singh of *Pitho* said that he would not take re-initiation. *Mahant* said that *Amrit* was of Kalgidhar Ji (Satguru Gobind Singh Ji). Baghwan Singh told that he had already got initiated in *Amrit*. So, he refused re-initiation. *Mahant* (Narayan Singh) remained silent. Rann Singh asked (the *Mahant*) to give in writing, so that they no one harasses them. (He told the *Mahant* that) they would perform marriages according to *Anand Maryada* (*started by Satguru Ram Singh Ji*), would take bath by wetting the hair, would maintain highest human conduct (*Bibek*), would recite *Naam* (name of God) and *Gurbani* also. (He asked the *Mahant* sarcastically), ''Whichever of the above is forbidden (for Sikhs), you tell us''. (To this,) *Mahant* replied, ''How can I ask you not to follow the path of God (*Guru ki reetee*)?''. From all the places, the unjustified act (religious persecution of Namdhari Singhs) of Raja was condemned. (The Raja) was told to stop the prejudice (against Namdhari Singhs). (*The information given in Satguru Bilas granth is corroborated by a news report of Pioneer Newspaper dated 16th march, 1872...''our contemporary tells a curious story. When the jind contingent came back from Kotla, the Raja mustered his army, singled out the principal Kukas in his service, made them recant their heresy, and sent them off to bathe and be re-baptized as good Sikhs in the sacred pool of Amritsar. The Jhind Kookas, however, returned, unwashed to their master, as the British authority considered the act one of religious persecution - Pioneer.'' The conduct of native princes of Punjab, puppet in the hands of imperial administrators made the defiance of law a cakewalk for imperialists. It was because of such politically-ineffective princes, who had torturous iron fist only for poor public of their own state!, that for a first few weeks, the imperial Britishers were on high spirits on their wicked and cruel action in Malerkotla executions. However, when conscious-stricken Britishers and Indians in far places, particularly Kolkatta, erstwhile Calcutta, came to know of the happenings in Punjab, a literal crusade was started against the Deputy Commissioner J. Lambert Cowan and his superior T.D. Forsyth by James Routledge, Editor of the Friend of India newspaper. In a matter of a month or so, the tides had turned against the British imperialists and now, they were in a state of defense. The above incident of criticism of the action of Raja of Jind against Namdhari religious belief by colonial British administration is a clear effort towards trying to display their righteousness, which in reality got exposed and crippled. However, the efforts for public consciousness and freedom suffered a blow due to conspiracy by colonial rulers with native princes and ignorance by natives in general*).

The police arrested (the Namdharis) of *Sahliapur* district Gujrawala. People said that they will be similarly blown away by canons. (The Singhs) were released on bail. (Common) people used to comment maliciously on Namdharis and used to say, '' Adopt Kookaism

more and more, now you will be blown by canons''. The cruel and cynics say that a big trouble has left them, now (Namdhari) panth will end.

Initially, *Firangi* (referred to imperial Britishers) said to Satguru Hari Singh Ji that they have crushed the sapling when its small (referring to the short time for which Namdhari panth had been in existence till then), if it had become large, they would have had to use axes (to end the Namdhari panth). Satguru Ji remained silent, and thought in his mind, ''Just wait and watch to see what happens''.

The Firangi also went to *Hazro Sahib* and asked (the Singhs there) if they were Kookas. Most of them denied being Kookas. Because the news that (Namdhari) Singhs have been blown away by canons and rumors that anyone who is a Kooka will be blown away, had reached them. Fearing this, they denied being Kookas. One Amar Singh, his son Sundar Singh and one Harnam Singh said that they are Kookas. They said, ''We earn our food ourselves, you (may) arrest us. We are not afraid of anyone. Like others who have denied (being Kookas), we do not deny.'' The *Firangi* took the statement and left. Then, everyone else (who had earlier rejected being Kookas) repented as to why they denied, we were not going to be blown by canons. Now the rule of falsehood has started to rise, (efforts are underway) to keep the truth away from the world.

After the occasion of Dusshhera (Indian festival marking victory of Goddess *Durga* over demon *Mahishasura* and victory of God *Ram* over king *Ravana*), whosoever came to have *darshan* of Satguru Hari Singh Ji held the firm belief that both brothers (Satguru Ram Singh Ji and Satguru Hari Singh Ji) are one and the same. By placing his influence on the second personality (Satguru Hari Singh Ji), (Satguru Ram Singh Ji) will play the (world) drama. In a concealed form, (Satguru Ram Singh Ji) will protect, on the outside, (worldly) assault would happen. *Rajas* (native rulers), *Firangi* (British imperialists), *raiyat* (populace), all will get together and envy the (Namdhari) panth to highest possible extent. (They) have taken Satguru Ji to exile without any guilt. (In Punjab) they have practiced harshness on *Sangat*. In every place, (they have) restricted the (Namdhari) Singhs. Sukhu *Nambardar* (state-appointed village head) was also present (*Sukhu have given major information to the colonial administrators and was extremely jealous of Namdharis*). He said to Satguru Hari Singh Ji that if they (British imperialists) had the information that Satguru Hari Singh Ji will also follow and carry forward the path of Satguru Ram Singh Ji, they would have exiled him too along with Satguru Ram Singh Ji.

Then (the occasion of) Diwali came. Hearing from the others that the second personality (Satguru Hari Singh Ji) has taken up the place of Guru's throne, the Singhs came and said that now he (Satguru Hari Singh Ji) will manifest everywhere (like the sun's rise). Whosoever (the God himself) motivated, they came. The path of religion started again, everybody became fearless. Everyone got elated that the throne of Guru has remained in his home. This endeavor was not possible of having being undertaken by anybody (else than Satguru Hari Singh Ji). This (world drama) is manageable by the brother (Satguru Hari Singh Ji) only, that's why (the throne) has been bestowed upon him (by Satguru Ram Singh Ji). The elegance of the second personality will express day by day, like a moon progresses through its shapes (during the course of month). By having a *darshan* (glimpse) of Satguru Hari Singh Ji, the intellect gets sanctified, (mind) starts meditating in the God. The ever-wandering mind becomes stable.

# ਕਾਵਿ-ਕਿਆਰੀ

## ਸੁਰਗੀ ਜੀਊੜੇ

ਪਰਬਤ ਦੇ ਪੈਰਾਂ ਹੇਠ ਪਈ,
ਇਕ ਨਿੱਕੀ ਜਿਹੀ ਪਧਰਾਈ[1] ਹੈ,
ਇਕ ਪਾਸੇ ਵੱਟੇ ਰਿਦੇ ਨੇਂ,
ਇਕ ਪਾਸੇ ਕੁਝ ਸਬਜ਼ ਈ[2] ਹੈ ।
ਇਸ ਉੱਧੜ-ਗੁੱਧੜੀ[3] ਤੇ,
ਇਕ ਛੰਨ ਮੀਹਾਂ ਦੀ ਮਾਰੀ ਹੈ,
ਛੱਪਰ ਜਿਸ ਦਾ ਹੈ ਡੋਲ ਰਿਹਾ
ਤਿੜਕੀ ਹੋਈ ਚਾਰਦਿਵਾਰੀ ਹੈ।

ਇਸ ਦਾ ਵਾਸੀ ਇਕ ਕਿਰਤੀ ਹੈ,
ਕੰਗਾਲੀ ਜਿਸਦੀ ਮਾਇਆ ਹੈ,
ਮਜ਼ਦੂਰੀ ਜਿਦਾ ਸਹਾਰਾ ਹੈ,
ਸੰਤੋਖ[4] ਜਿਦ੍ਹਾ ਸਰਮਾਇਆ ਹੈ।
ਜੋ ਚੱਕੀ ਫੇਰ ਮੁਸ਼ੱਕਤ ਦੀ,
ਆਪਨੇ ਹਡ ਪੀਹ ਪੀਹ ਖਾਂਦਾ ਹੈ,
ਪਰਭਾਤੇ ਨਿਕਲ ਜਾਂਦਾ ਹੈ,
ਤੇ ਸੰਝ ਪਿਆ ਘਰ ਆਂਦਾ ਹੈ।

ਦੋ ਟੁੱਟ ਬੁੱਸੇ ਮੰਜੇ ਨੇ,
ਕੁਝ ਲੀ ਅੰਧੋਰਾਣੇ[5] ਨੇ,
ਦੋ ਠੂਠੇ, ਇਕ ਕੁਨਾਲੀ[6] ਹੈ ,
ਦੋ ਖਾਲੀ ਮੱਟ ਪੁਰਾਣੇ ਨੇ।
ਖਿੜਕੀ ਲਾਗੇ ਇਕ ਚੁੱਲ੍ਹਾ ਹੈ,
ਚੁੱਲੇ ਵਿਚ ਢੀਂਗਰ[7] ਬਲਦੇ ਨੇ,
ਇਕ ਕਾਲਕਲਿੱਟੀ ਤੌੜੀ ਵਿਚ,
ਪਾਲਕ ਦੇ ਪੱਤਰ ਉਬਲਦੇ ਨੇਂ।

ਇਕ ਤ੍ਰੀਮਤ ਗੋਦੇ[8] ਬਾਲ ਲਈ,
ਚਾਦਰ ਨੂੰ ਗਾਂਢੇ ਲਾਂਦੀ ਹੈ,
ਜਦ ਬਾਲ ਉਤਾਂਹ ਨੂੰ ਤੱਕਦਾ ਹੈ
ਇਹ ਹਸ ਕੇ ਨਿਗਾਹ ਰਲਾਂਦੀ ਹੈ।
ਉਹ ਬੁਲ੍ਹ ਜਰਾ ਫੁਰਕਾਂਦਾ ਹੈ,
ਇਹ ਖੀਵੀ ਹੋ ਹੋ ਜਾਂਦੀ ਹੈ,
ਸੁੱਟ ਸੁੱਟ ਕੇ ਤੇਲ ਪਿਆਰਾਂ ਦੀ,
ਚੰਬੇ ਦੀ ਕਲੀ ਖਿੜਾਂਦੀ ਹੈ।

ਹੱਥਾਂ ਵਿਚ ਸੂਈ ਧਾਗਾ ਹੈ
ਸੀਨੇ ਵਿਚ ਸਿਦਕ ਖ਼ਜ਼ਾਨਾ ਹੈ,
ਕੰਗਾਰ ਮਜੂਰ ਸੁਆਮੀ ਦੇ,
ਚੇਤੇ ਵਿਚ ਮਨ ਮਸਤਾਨਾ ਹੈ ।
ਕੁਟੀਆ ਦਿਸਦੀ ਹੈ ਰਾਜ-ਮਹਲ
ਇਸ ਸ਼ਮਾ-ਪ੍ਰੇਮ-ਪੰਘਰਾਈ[9] ਨੂੰ, '
ਜਸਮਾ[10] ਰਸ ਰੰਗੀ 'ਟੀਕਮ ਦੇ,
ਠੁਕਰਾਂਦੀ ਹੈ ਕੁਰਾਈ ਨੂੰ !

ਦਿਨ ਥੱਲੇ ਤੁਰਿਆ ਜਾਂਦਾ ਹੈ,
ਸ਼ਾਮਾਂ ਦੀ ਆਓ ਆਈ ਹੈ,
ਸੂਰਜ ਨੇ ਤੀਰ ਮੁਕਾ ਸਾਰੇ,
ਲਹਿੰਦੇ ਵਲ ਧੌਣ ਭਲਾਈ ਹੈ।
ਅਰਸ਼ਾਂ ਤੇ ਜ਼ਰੀ ਕਿਨਾਰੀ[11] ਦੇ
ਇਉਂ ਥਾਨ ਖਿਲਾਰੀ ਜਾਂਦਾ ਹੈ,
ਥੱਕਾ ਟੁੱਟਾ ਮਜ਼ਦੂਰ ਜਿਵੇਂ,
ਉਘਲਾਂਦਾ ਟਾਟ ਵਿਛਾਂਦਾ ਹੈ ।

**1.** ਮੈਦਾਨੀ ਜ਼ਮੀਨ। **2.** ਹਰਿਆਵਲ। **3.** ਉੱਚੀ ਨੀਵੀਂ।
**4.** ਸਬਰ। **5.** ਹੰਢੇ ਹੋਏ, ਪੁਰਾਣੇ। **6.** ਮਿੱਟੀ ਦੀ ਪਰਾਤ।
**7.** ਟਾਹਣੀਆਂ ਜਾਂ ਕੰਡੇ ਵਾਲੀਆਂ ਝਾੜੀਆਂ, ਬਾਲਣ ਲਈ।
**8.** ਗੋਦ ਵਿਚ। **9.**ਪਿਆਰ ਵਿਚ ਪੰਘਰੀ ਹੋਈ ਇਸਤ੍ਰੀ ਨੂੰ।
**10.** ਜਸਮਾ ਨਾਮ ਦੀ ਇਕ ਪਤੀ ਪਰਾਇਣਾ ਪਰਮ ਸੁੰਦਰੀ, ਆਪਣੇ ਸੁਆਮੀ ਟੀਮ ਨਾਲ ਰਾਜਸਰੋਵਰ ਦੀ ਖੁਦਾਈ ਟੋਕਰੀ ਢੋਇਆ ਕਰਦੀ ਸੀ ਪਾਟਨ (ਗੁਜਰਾਤ) ਦੇ ਰਾਜੇ ਸਿੱਧਰਾਜ ਵਲੋਂ ਪਟਰਾਣੀ ਬਣਾਈ ਜਾਣ ਦੇ ਲਾਲਚ ਨਾਲ ਜਸਮਾ ਦਾ ਮਨ ਨਾ ਡੋਲਿਆ। ਓੜਕ ਇਸ ਦੀ ਹਮੈਤ ਵਿਚ ਇਕ ਘੋਰ ਸੰਗ੍ਰਾਮ ਹੋਇਆ ਤੇ ਬਹੁਤ ਸਾਰੇ "ਓੜਾ ਕਮ ਦੇ ਜਾਤ ਭਾਈ) ਮਾਰੇ ਗਏ। ਜਸਮਾ ਨੇ ਭੀ ਸੈਂਕੜੇ ਸੈਨਿਕਾਂ ਨੂੰ ਮਾਰ ਕੇ ਅੰਤ ਕਟਾਰੀ ਨਾਲ ਆਪਣੀ ਜਾਨ ਗੁਆ ਲਈ, ਪਰ ਅਧਰਮੀ ਠਾਕੁਰ (ਰਾਜੇ) ਦੀ ਦੁਰਾਸ਼ਾ ਨੂੰ ਅਖੀਰ ਦਮ ਤਕ ਠੁਕਰਾਈ ਰਖਿਆ।
**11.** ਸੋਨੇ ਦੀ ਤਾਰ ਨਾਲ ਕੱਢੀ ਹੋਈ।

ਜੋ ਨੰਗ ਭੜੰਗੇ ਮੁੰਡੇ ਨੇਂ,
ਮਿਟੀ ਵਿਚ ਨ੍ਹਾ ਨ੍ਹਾ ਰਜਦੇ ਨੇ,
ਟਿੱਬੀ ਤੋਂ ਝੌਲਾ ਪੈਂਦਿਆਂ ਹੀ,
ਹਰਨਾਂ ਦੇ ਵਾਂਗਰ ਭਜਦੇ ਨੇਂ,
ਸਾਹ ਮਿਉਂਦਾ ਨਹੀਂ ਕਲੇਜੇ ਵਿਚ,
ਅੰਮਾਂ ਨੂੰ ਆ ਕੇ ਦਸਦੇ ਨੇਂ।
"ਔਹ ਬਾਪੂ ਤੁਰਿਆ ਔਂਦਾ ਹੈ।
ਇਹ ਕਹਿ ਕੇ ਓਧਰ ਨਸਦੇ ਨੇ।

ਇਕ ਪਾਸੇ ਮਾਇਆ ਤਰੁਠਦੀ[1] ਹੈ,
ਇਕ ਪਾਸੇ ਤ੍ਰਿਸ਼ਨਾ[2] ਤਰਦੀ ਹੈ,
ਅੱਖਾਂ ਨੂੰ ਜੋਤ ਦੁਪਾਸਿਓਂ ਮਿਲ,
ਕੋਈ ਗੁੱਝੀਆਂ ਗੱਲਾਂ ਕਰਦੀ ਹੈ।
ਚੁੰਬਕ ਲੋਹੇ ਤੋਂ ਕਾਹਲਾ ਹੋ,
ਭੋਇੰ ਤੇ ਨਾ ਪੈਰ ਟਿਕਾਂਦਾ ਹੈ,
ਲੋਹਾ ਲੱਤਾਂ ਸੁੰਗੜਾਂਦਾ ਹੈ,
ਅਰ ਬਹਾਂ ਖਿਲਾਰੀ ਜਾਂਦਾ ਹੈ।

ਇਕ ਜਨ ਹਿੱਕ ਠੰਢਿਆਂ ਦੀ ਹੈ,
ਇਕ ਮਗਰੋਂ ਜੱਫੀ ਪਾਂਦੀ ਹੈ,
ਦੋ ਪੁੜਾਂ ਵਿਚਾਲੇ ਦੁਨੀਆਂ ਦੀ,
ਸਾਰੀ ਚਿੰਤਾ ਪਿਸ ਜਾਂਦੀ ਹੈ।
ਉੱਡ ਗਿਆ ਥਕੇਵਾਂ ਦਿਨ ਭਰ ਦਾ,
ਝੁੱਗੀ ਤਕ ਆਂਦੇ ਹੀ,
ਖਿੜ ਪਿਆ ਮੋਤੀਆ ਸ਼ਾਮਾਂ ਨੂੰ,
ਇਕ ਪ੍ਰੇਮ ਹੁਲਾਰਾ ਖਾਂਦੇ ਹੀ।

ਗੁਟਕਣ ਚਰੋਕਣੀ ਲਗਦੀ ਹੈ,
ਜਿਉਂ ਚੰਦ ਤਿਕਾਲ਼ੀ ਚੜ੍ਹਦਾ ਹੈ,
ਉਹ ਬੁਚਕੀ [3] ਇਨੂੰ ਫੜਾਂਦਾ ਹੈ,
ਤੇ ਆਪ ਅੰਞਾਣਾ ਫੜਦਾ ਹੈ।
ਉਹ ਚੁੰਮ ਚੁੰਮ ਖੀਵਾ ਹੁੰਦਾ ਹੈ,
ਇਹ ਗੰਢਾਂ ਖੋਲ੍ਹੀ ਜਾਂਦੀ ਹੈ,
ਉੱਲਰ ਉੱਲਰ ਕੇ ਵੇਖਦਿਆਂ,
ਬਾਲਾਂ ਨੂੰ ਪਰੇ ਹਟਾਂਦੀ ਹੈ।

ਇਕ ਪੱਲੇ ਆਟਾ ਕੋਟਾ ਹੈ,
ਇਕ ਕੰਨੀ ਮਿੱਠੇ ਛੋਲੇ ਨੇਂ,
ਕੁਝ ਟੋਟੇ ਦਾਗੀ ਨਾਖਾਂ ਦੇ,
ਮੁੰਡਿਆਂ ਨੇ ਹਸ ਹਸ ਫੋਲੇ ਨੇ॥

ਮਾਂ ਛੋਲੇ ਪਾਵੇ ਤਲੀਆਂ ਤੇ,
ਏਹ ਫੱਕੇ ਮਾਰੀ ਜਾਂਦੇ ਨੇ,
ਨਾਦਰ ਦੇ ਤਖਤ ਤਾਊਸੋਂ [4] ਭੀ
ਇਹ ਵਧ ਕੇ ਤ੍ਰਿਪਤੀ ਪਾਂਦੇ ਨੇ।

ਜੋ ਮਿੱਸਾ ਤਿੱਸਾ ਜੁੜਿਆ ਹੈ,
ਉਹ ਰਿੰਨ ਪਕਾ ਕੇ ਖਾਂਦੇ ਨੇ,
ਸਾਈਂ ਦਾ ਸ਼ੁਕਰ ਮਨਾਂਦੇ ਨੇ,
ਤੇ ਸੌਣ ਲਈ ਘਬਰਾਂਦੇ ਨੇ।
ਨਾ ਸਾੜੇ ਹਨ, ਨਾ ਕੀਨਾ [5] ਹੈ,
ਇਹ ਖੁਸ਼ੀਆਂ ਦੀ ਆਬਾਦੀ ਹੈ,
ਜਾਂ ਪ੍ਰੇਮ-ਬਾਗ ਦੀਆਂ ਮਹਿਕਾਂ ਨੇ,
ਜਾਂ ਹਾਸਾ ਤੇ ਆਜ਼ਾਦੀ ਹੈ।

ਉਹ ਮਲਕਾਂ ਹੈ ਇਸ ਮੰਦਰ ਦੀ,
ਇਹ ਸ਼ਾਹ ਸਿਕੰਦਰ ਘਰ ਦਾ ਹੈ,
ਉਹ ਇਸ ਤੋਂ ਜਾਨ ਘੁਮਾਂਦੀ ਹੈ,
ਇਹ ਉਦੇ ਮਰਾਣੇ [6] ਮਰਦਾ ਹੈ।
ਉਹ ਵਾਂਗ ਮੋਰਨੀ ਖਿੜਦੀ ਹੈ,
ਇਹ ਮੋਰ ਵਜਦ [7] ਵਿਚ ਆਂਦਾ ਹੈ,
ਇਉਂ ਘਰ ਇਸ ਪ੍ਰੇਮੀ ਜੋੜੇ ਦਾ,
ਇਕ ਸੁਰਗ ਜਿਹਾ ਬਣ ਜਾਂਦਾ ਹੈ।


ਮਾਯਾ-ਧਾਰੀ ਜਿਸ ਸ਼ਾਂਤ ਮਈ
ਜੀਵਨ ਹਿਤ ਘੁਲਦਾ ਰਹਿੰਦਾ ਹੈ,
ਉਹ ਇਸ ਕੱਖਾਂ ਦੀ ਕੁੱਲੀ ਵਿਚ,
ਮਜ਼ਦੂਰ ਪਾਸ ਆ ਬਹਿੰਦਾ ਹੈ।
ਸ਼ਾਹੀ ਮਹਿਲਾਂ ਦੀਆਂ ਛੇਜਾਂ ਤੇ,
ਜੋ ਨੀਂਦਰ ਤੋੜੇ [8] ਕਸਦੀ ਹੈ,
ਉਹ ਏਸ ਬਹਿਸ਼ਤੇ ਆ ਆ ਕੇ,
ਚਾਤ੍ਰਿਕ ਦੀਆਂ ਤਲੀਆਂ ਝਸਦੀ ਹੈ।

**1.**ਮੇਹਰਬਾਨ ਹੁੰਦੀ। **2.** ਤੀਬਰ ਇੱਛਾ। **3.** ਗੰਢੜੀ।
**4.** ਮੋਰ ਦੀ ਸ਼ਕਲ ਦਾ ਸਿੰਘਾਸਣ ਜੋ ਸ਼ਾਹਜਹਾਨ ਨੇ ਸਤ ਕਰੋੜ ਦਸ ਲੱਖ ਰੁਪਏ ਖਰਚ ਕੇ ਬਣਾਇਆ ਸੀ।
**5.** ਵੈਰ। **6.** ਮੌਤ। **7.** ਸਰੂਰ , ਖੇੜਾ, ਮਸਤੀ।
**8.** ਭਾਵ ਨਖਰੇ ਕਰਨਾ, ਰੁੱਸਣਾ।

**-ਲਾਲਾ ਧਨੀ ਰਾਮ ਚਾਤ੍ਰਿਕ**

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਿਆਮ ਦੀ ਸੰਗਤ

✍-ਸੰਤ ਇਕਬਾਲ ਸਿੰਘ ਮਨਚੰਦਾ



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

**21ਵਾਂ ਦੌਰਾ (22 ਸਤੰਬਰ ਤੋਂ 5 ਅਕਤੂਬਰ 1957)-**
ਸਤੰਬਰ ਦੇ ਮਹੀਨੇ ਮਾਈਆਂ ਦੀ ਅਰਜ਼ ਨੂੰ ਪ੍ਰਵਾਨ ਕਰਦਿਆਂ ਗਰੀਬ ਨਿਵਾਜ਼ ਜੀ ਹਜ਼ੂਰੀ ਰਾਗੀ ਜਥੇ ਸਹਿਤ ਬੰਕੋਕ ਦੀ ਧਰਤੀ ਨੂੰ 22 ਸਤੰਬਰ 1957 ਨੂੰ ਫਿਰ ਭਾਗ ਲਾਏ ਤੇ ਇਸ ਸਮੇਂ ਦੋ ਵੇਲੇ ਦੇ ਕੀਰਤਨ ਤੇ ਨਾਮ ਸਿਮਰਨ ਵੇਲੇ ਸੰਗਤ ਕਾਫੀ ਗਿਣਤੀ ਵਿੱਚ ਗਰੀਬ-ਨਿਵਾਜ਼ ਜੀ ਦੇ ਚਰਨ ਪਰਸਦੀ। ਸ੍ਰੀ ਸਤਿਗੁਰੂ ਜੀ ਨੇ ਇਸ ਦੌਰੇ ਸਮੇਂ ਉਪਦੇਸ਼ ਨਹੀਂ ਦਿੱਤੇ ਕਿਉਂਕਿ ਕੁਝ ਸਰੀਰ ਕਰਕੇ ਉਹ ਕਮਜ਼ੋਰ ਮਾਲੂਮ ਹੁੰਦੇ ਸਨ। ਇਸ ਤਰ੍ਹਾਂ ਇਹ ਦੌਰਾ 5 ਅਕਤੂਬਰ 1957 ਨੂੰ ਖ਼ਤਮ ਹੋਇਆ ਸੀ। ਇਸ ਦੌਰੇ ਸਮੇਂ 1958 ਦੇ ਬਸੰਤ ਮੇਲੇ ਦੀ ਅਰਜ਼ ਸੇਠ ਨਰੈਣ ਸਿੰਘ ਚਾਵਲਾ ਦੇ ਨਾਲ ਮਿਲਕੇ 16 ਸਰੀਰਾਂ ਨੇ ਕੀਤੀ ਪਰ ਕੁਝ ਕਾਰਨਾਂ ਕਰਕੇ ਸ੍ਰੀ ਸਤਿਗੁਰੂ ਜੀ ਇਸ ਮੇਲੇ 'ਤੇ ਦਰਸ਼ਨ ਨਹੀਂ ਦੇ ਸਕੇ।

ਸੰਨ 1958 ਦੇ ਆਰੰਭ ਵਿਚ ਬੰਕੋਕ ਦੀ ਸੰਗਤ ਨੇ ਇੱਕ ਇਕੱਤਰਤਾ ਸੱਦੀ ਤੇ ਉਸ ਵਿਚ ਇਹ ਮਤਾ ਪਾਸ ਕੀਤਾ ਕਿ ਸ੍ਰੀ ਸਤਿਗੁਰੂ ਜੀ ਦੇ ਹੁਕਮ ਨੂੰ ਅਪਨਾਉਣ ਲਈ ਸਾਧ-ਸੰਗਤ ਇੱਕ ਕਮੇਟੀ ਦੀ ਸਥਾਪਨਾ ਕਰੇ ਜਿਸ ਨਾਲ ਵੱਡੇ ਦੀਵਾਨਾਂ ਅਤੇ ਵਿਦਿਆਲੇ ਲਈ ਉਗਰਾਹੀ ਕੀਤੀ ਜਾ ਸਕੇ। ਇੱਕ ਇਕੱਤਰਤਾ ਸੱਦੀ ਗਈ ਤੇ ਇਸ ਵਿੱਚ ਸੱਤ ਸਰੀਰਾਂ ਦੀ ਇੱਕ ਕਮੇਟੀ ਇਕ ਰਾਏ ਨਾਲ ਸਥਾਪਿਤ ਕੀਤੀ ਗਈ, ਜਿਨ੍ਹਾਂ ਦਾ ਨਾਮ ਇਸ ਪ੍ਰਕਾਰ ਹੈ :- 1) ਸੇਠ ਤਰਲੋਕ ਸਿੰਘ ਚਾਵਲਾ 2) ਸ. ਸੁਰਿੰਦਰ ਸਿੰਘ ਸਚਦੇਵ 3) ਸੇਠ ਰਛਪਾਲ ਸਿੰਘ ਨਰੂਲਾ 4) ਸ. ਤਰਲੋਚਨ ਸਿੰਘ ਚਾਵਲਾ 5) ਗਿਆਨੀ ਹਰਬੰਸ ਸਿੰਘ ਸਚਦੇਵ 6) ਜੋਗਿੰਦਰ ਸਿੰਘ ਮਦਾਨ 7) ਬਾਊ ਗੁਰਚਰਨ ਸਿੰਘ ਜਰਗਰ। ਸੋ ਇਸ ਕਮੇਟੀ ਨੇ ਆਪਣੀ ਵੱਖਰੀ ਇਕੱਤਰਤਾ ਕਰਕੇ ਇਸ ਕਮੇਟੀ ਦਾ ਪ੍ਰਧਾਨ ਸੇਠ ਤਰਲੋਕ ਸਿੰਘ ਨੂੰ ਚੁਣਿਆ ਤੇ ਸਕੱਤਰ ਦੀ ਸੇਵਾ ਸ. ਸੁਰਿੰਦਰ ਸਿੰਘ ਸਚਦੇਵ ਨੂੰ ਸੌਂਪੀ, ਖ਼ਜ਼ਾਨਚੀ ਦੀ ਪਦਵੀ ਬਾਊ ਗੁਰਚਰਨ ਸਿੰਘ ਨੂੰ ਮਿਲੀ।

ਸਾਧ-ਸਗਤ ਵਿੱਚ ਇਹਨਾਂ ਦਿਨਾਂ ਵਿੱਚ ਕਈ ਨਾਮਧਾਰੀ ਨੌਜਵਾਨ ਕਵੀਆਂ ਦੇ ਰੂਪ ਵਿੱਚ ਅੱਗੇ ਆ ਰਹੇ ਸਨ। ਸ਼ਹੀਦੀ ਦਿਵਸ, ਬਸੰਤ ਆਗਮਨ, ਹੋਲਾ ਮਹੱਲਾ, ਪਰਦੇਸ ਗਵਨ ਦਿਵਸ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਪ੍ਰਕਾਸ਼ ਦਿਵਸ 'ਤੇ ਕਵੀ ਦਰਬਾਰ ਸਜਦੇ ਜਿਸ ਵਿੱਚ ਗ਼ੈਰ-ਨਾਮਧਾਰੀ ਵੀਰ ਵੀ ਹਿੱਸਾ ਲੈਂਦੇ ਸਨ। ਉਸ ਵੇਲੇ ਦੇ ਨਾਮਧਾਰੀ ਕਵੀਆਂ ਦੇ ਨਾਮ ਇਸ ਪ੍ਰਕਾਰ ਹਨ:- 1) ਸੰਤ ਖ਼ਜ਼ਾਨ ਸਿੰਘ 2) ਸੰਤ ਸੁੰਦਰ ਸਿੰਘ 'ਸੇਵਕ' 3) ਸੰਤ ਗੁਰਬਖਸ਼ ਸਿਘ 'ਹੰਸ' 4) ਸ. ਨਰੈਣ ਸਿੰਘ ਸੇਠੀ 5) ਕੇਹਰ ਸਿਘ 'ਕੇਹਰ' 6) ਸ. ਮਹਿੰਦਰ ਸਿੰਘ 'ਪ੍ਰੀਤ' 7) ਸ. ਹਰਭਜਨ ਸਿੰਘ 'ਨਿਰਮਲ' 8) ਸ. ਗੁਰਬਚਨ ਸਿੰਘ 'ਰਾਹੀ' 9) ਇਕਬਾਲ ਸਿੰਘ ਮਨਚੰਦਾ ਆਦਿਕ। ਇਸ ਸਾਲ ਪਹਿਲੀ ਵੇਰੀ ਬੰਕੋਕ ਵਿਖੇ ਸਾਧ-ਸੰਗਤ ਨੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦਾ ਪ੍ਰਕਾਸ਼ ਦਿਵਸ ਬੜੇ ਚਾਉ ਤੇ ਸਜ-ਧਜ ਨਾਲ ਮਨਾਇਆ। ਇਸ ਸਮੇਂ ਬਹੁਤ ਸਾਰੇ ਬੁਲਾਰਿਆਂ ਨੇ ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਉਪਕਾਰ, ਉਨ੍ਹਾਂ ਦੇ ਚੋਜ ਸੁਣਾਕੇ ਇੱਕ ਰੰਗ ਬੰਨ੍ਹ ਦਿੱਤਾ। ਕੇਵਲ ਇਹ ਪ੍ਰੋਗਰਮ ਹੀ ਡੇਢ ਜਾਂ ਦੋ ਘੰਟੇ ਦਾ ਸੀ ਤੇ ਉਸ ਤੋਂ ਬਾਅਦ ਕੀਰਤਨ ਤੇ ਕਵੀ ਦਰਬਾਰ ਹੋਇਆ। ਕਵਿਤਾ ਦੀ ਸਮੱਸਿਆ ਸੀ 'ਤੇਰੀ ਵਡਿਆਈ ਏ'। ਉਸ ਦਿਨ ਤਕਰੀਬਨ ਰਾਤ ਦੇ ਇੱਕ ਵਜੇ ਦੇ ਕਰੀਬ ਭੋਗ ਪਾਇਆ ਗਿਆ। ਸੰਨ 1957-58 ਦੇ ਸਾਲ ਵਿਚ ਕੁਝ ਪੁਰਾਣੇ ਨਾਮਧਾਰੀ ਬਜ਼ੁਰਗ ਆਪਣੀ ਸੰਸਾਰ ਯਾਤਰਾ ਪੂਰੀ ਕਰ ਗਏ ਸਨ, ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ :- ਸੰਤ ਹਵੇਲਾ ਸਿੰਘ, ਸ. ਹਰਨਾਮ ਸਿੰਘ ਮੋਂਗਾ, ਵੀਰ ਸਿੰਘ ਸੇਠੀ, ਸੰਤ ਜੀਊਣ ਸਿੰਘ ਚਾਵਲਾ, ਲਾਲ ਸਿੰਘ ਕੱਕੜਾਂ ਤੇ ਸੰਤ ਦਾਨ ਸਿੰਘ 'ਤਾਂਘੀ'।

ਇਸ ਸਾਲ ਵਿਸਾਖੀ ਵਾਲੇ ਦਿਨ ਸ਼ਾਮ ਨੂੰ ਇਕ ਖ਼ਾਸ ਪ੍ਰੋਗਰਾਮ ਨਵੀਂ ਬਣੀ ਕਮੇਟੀ ਨੇ ਰੱਖਿਆ ਜਿਸ ਵਿੱਚ ਇਹ ਪ੍ਰੇਰਨਾ ਦਿੱਤੀ ਗਈ ਕਿ ਸਾਧ-ਸੰਗਤ ਵਧ-ਚੜ੍ਹ ਕੇ ਨਾਮਧਾਰੀ ਵਿਦਿਆਲੇ ਲਈ ਉਗਰਾਹੀ ਲਿਖਾਵੇ ਤਾਂ ਕਿ ਸ੍ਰੀ ਸਤਿਗੁਰੂ ਜੀ ਦੇ ਹੁਕਮਾਂ 'ਤੇ ਫੁੱਲ ਚੜ੍ਹਾਏ ਜਾ ਸਕਣ ਤੇ ਇੱਕ ਵੱਡੀ ਜਗ੍ਹਾ ਖ਼ਰੀਦੀ ਜਾਵੇ। ਇਸ ਦਿਨ ਬੁਲਾਰਿਆਂ ਤੋਂ ਬਿਨਾਂ ਇਨਾਂ ਕਵੀਆਂ ਨੇ ਵੀ ਕਵਿਤਾ ਰਾਹੀਂ ਇਸ ਵਿੱਚ ਪੂਰਾ ਸਹਿਯੋਗ ਦਿੱਤਾ। 1) ਇੰਦਰ ਦਮਨ ਸਿੰਘ 'ਰਤਨ' 2) ਗੁਰਬਚਨ ਸਿੰਘ 'ਰਾਹੀ' 3) ਗੁਰਬਖਸ਼ ਸਿੰਘ 'ਹੰਸ'

4) ਇਕਬਾਲ ਸਿੰਘ 'ਮਨਚੰਦਾ' ਆਦਿਕ ਨਾਮ ਯਾਦ ਰਹਿ ਗਏ ਹਨ। ਥੋੜੇ ਦਿਨਾਂ ਬਾਅਦ ਤਿੰਨ-ਚਾਰ ਇਕ ਇਕੱਤਰਤਾਵਾਂ ਵੀ ਹੋਈਆਂ ਜਿਸ ਵਿਚ ਕਮੇਟੀ ਦੇ ਨਿਯਮ ਬਣਾਉਣ ਲਈ ਉਪਰਾਲਾ ਕੀਤਾ ਗਿਆ। ਇਸ ਦੀਆਂ ਸ਼ੁਰੂ ਵਿੱਚ ਕੁਝ ਧਾਰਾਵਾਂ ਵੀ ਪਾਸ ਹੋਈਆਂ। ਇਸੇ ਵੇਲੇ ਦੇਸ਼ ਤੋਂ ਅਖ਼ਬਾਰਾਂ ਰਾਹੀਂ ਇਹ ਖ਼ਬਰ ਮਿਲੀ ਕਿ ਪੰਜਾਬ ਸਰਕਾਰ ਨੇ ਮਹਾਰਾਜ ਬੀਰ ਸਿੰਘ ਜੀ ਦੇ ਖ਼ਿਲਾਫ਼ ਕਿਸੇ ਝੂਠੇ ਮੁਕੱਦਮੇ ਰਾਹੀਂ ਵਾਰੰਟ ਜਾਰੀ ਕਰਕੇ ਗ੍ਰਿਫ਼ਤਾਰ ਕਰ ਲਿਆ ਹੈ। ਸਾਧ-ਸੰਗਤ ਨੇ ਮੀਟਿੰਗਾਂ ਬੰਦ ਕਰਕੇ ਰੋਜ਼ ਦਾ ਅੰਮ੍ਰਿਤ ਵੇਲੇ ਨਾਮ ਸਿਮਰਨ ਅਰੰਭ ਕੀਤਾ ਤਾਂ ਕਿ ਉਨ੍ਹਾਂ ਦੀ ਰਿਹਾਈ ਜਲਦੀ ਹੋ ਸਕੇ ਤੇ ਇਸੇ ਪਰਥਾਇ ਇੱਕ ਖ਼ਾਸ ਮੀਟਿੰਗ ਸੱਦਕੇ (ਕੁਝ 8-10 ਸਰੀਰਾਂ 'ਚ) ਇਕ ਪ੍ਰਸਤਾਵ ਹਿੰਦ ਸਰਕਾਰ ਨੂੰ ਲਿਖ ਕੇ ਭੇਜਣ ਦਾ ਉਪਰਾਲਾ ਕੀਤਾ। ਇਹ ਮੀਟਿੰਗ ਅਲਧਿਆ ਬੈਂਕ ਵਿੱਚ ਸੇਠ ਗੁਰਬਖਸ਼ ਸਿੰਘ 'ਪ੍ਰੀਤਮ' ਨੇ ਇਨ੍ਹਾਂ ਸਰੀਰਾਂ ਨੂੰ ਸੱਦਕੇ ਕੀਤੀ। ਨਾਮ ਇਸ ਪ੍ਰਕਾਰ ਹਨ :- ਸੇਠ ਗੁਰਬਖਸ਼ ਸਿੰਘ, ਸੰਤ ਪਰਤਾਪ ਸਿੰਘ ਮਸਤਾਨਾ, ਸੇਠ ਰਛਪਾਲ ਸਿੰਘ ਨਰੂਲਾ, ਸ. ਨਰੈਣ ਸਿੰਘ ਚਾਵਲਾ, ਸ. ਈਸ਼ਰ ਸਿੰਘ 'ਦਲੇਰ, ਸੰਤ ਗੁਰਬਖਸ਼ ਸਿੰਘ 'ਹੰਸ' ਅਤੇ ਇਕਬਾਲ ਸਿੰਘ ਮਨਚੰਦਾ। ਰੋਸ ਵਜੋਂ ਇਹ ਪ੍ਰਸਤਾਵ ਭਾਰਤ ਸਰਕਾਰ ਨੂੰ ਪੰਡਿਤ ਜਵਾਹਰ ਲਾਲ ਨਹਿਰੂ ਦੇ ਨਾਮ 'ਤੇ ਭੇਜਿਆ। ਇਸਦੀ ਇੱਕ ਨਕਲ ਪੰਜਾਬ ਸਰਕਾਰ ਦੇ ਗਵਰਨਰ ਤੇ ਮੁੱਖ ਮੰਤਰੀ ਨੂੰ ਵੀ ਭੇਜੀ ਗਈ ਪਰ ਇਸ ਪ੍ਰਸਤਾਵ ਦੀ ਕੀਤੀ ਗਈ ਕੋਸ਼ਿਸ਼ ਅਜਾਈਂ ਗਈ ਤੇ ਪੂਜਨੀਕ ਮਹਾਰਾਜ ਜੀ ਨੂੰ ਫੜ ਕੇ ਬੰਦੀ ਬਣਾ ਦਿਤਾ ਗਿਆ।

ਜੀਵਨ ਨਗਰ ਦੇ ਇਲਾਕੇ ਵਿੱਚ ਰਹਿੰਦੇ ਨਾਮਧਾਰੀ ਸਿੱਖਾਂ 'ਤੇ ਵੀ ਬੜੀ ਸਖ਼ਤੀ ਕੀਤੀ ਗਈ। ਇਹ ਸਭ ਖ਼ਬਰਾਂ ਅਖ਼ਬਾਰਾਂ ਰਾਹੀਂ ਬੰਕੋਕ ਵਿਖੇ ਪਹੁੰਚੀਆਂ ਸਨ। ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀਆਂ ਦਰਸ਼ਨ ਦੇਣ ਲਈ ਕੀਤੀਆਂ ਗਈਆਂ ਪਰ ਇਸ ਲਈ ਕੋਈ ਵੀ ਅਰਜ਼ ਪ੍ਰਵਾਨ ਨਾ ਹੋ ਸਕੀ। ਇਸ ਵੇਲੇ ਪੂਜਨੀਕ ਮਹਾਰਾਜ ਜੀ ਦੇ ਖ਼ਿਲਾਫ਼ ਮੁਕੱਦਮਾ ਜਾਰੀ ਸੀ। ਸੋ ਅੰਤ ਵਿੱਚ ਗਰੀਬ-ਨਿਵਾਜ਼ ਆਪ ਹੀ ਕਿਰਪਾ ਕੀਤੀ ਤੇ ਬੰਕੋਕ ਦੀ ਸੰਗਤ ਨੂੰ ਇਹ ਖ਼ਬਰ ਮਿਲੀ ਕਿ ਗਰੀਬ-ਨਿਵਾਜ਼ ਦਸੰਬਰ 1958 ਵਿੱਚ ਦਰਸ਼ਨ ਦੇਣਗੇ। ਸਾਧ-ਸੰਗਤ ਦੇ ਸੁੱਕੇ ਮਨ ਫਿਰ ਹਰੇ ਹੋ ਗਏ ਤੇ ਦਰਸ਼ਨ ਦੀ ਉਡੀਕ ਲੱਗ ਗਈ।

**22ਵਾਂ ਦੌਰਾ (29 ਦਸੰਬਰ 1958 ਤੋਂ 9 ਜਨਵਰੀ 1959)** -ਸ੍ਰੀ ਸਤਿਗੁਰੂ ਜੀ ਦਸੰਬਰ ਦੇ ਮਹੀਨੇ ਕਲਕੱਤੇ ਪਹੁੰਚੇ ਤੇ ਕੁਝ ਕਾਗ਼ਜ਼ੀ ਕਾਰਵਾਈ ਕਰਨ ਕਰਕੇ ਦੇਰੀ ਹੁੰਦੀ ਗਈ। ਸੋ ਗਰੀਬ-ਨਿਵਾਜ਼ ਜੀ ਹਜ਼ੂਰੀ ਰਾਗੀ ਜਥੇ ਨਾਲ ਕਲਕੱਤੇ ਤੋਂ ਹਵਾਈ ਜਹਾਜ਼ ਰਾਹੀਂ ਬੰਕੋਕ ਦੀ ਧਰਤੀ ਨੂੰ 29 ਦਸੰਬਰ 1958 ਨੂੰ ਭਾਗ ਲਾਏ। ਸ੍ਰੀ ਸਤਿਗੁਰੂ ਜੀ ਦਾ ਸਰੀਰ ਕਾਫੀ ਕਮਜ਼ੋਰ ਸੀ ਤਾਂ ਉਸੇ ਦਿਨ ਆਪ ਜੀ ਨੇ ਸਾਧ-ਸੰਗਤ ਨੂੰ ਹੁਕਮ ਕੀਤਾ ਕਿ ਬਿਨਾਂ ਕਿਸੇ ਦੇ ਸੱਦਣ ਤੋਂ ਕੋਈ ਵੀ ਸਿੱਖ ਡੇਰੇ ਨਾ ਆਵੇ। ਇਸ ਦੌਰੇ ਸਮੇਂ ਸ੍ਰੀ ਹਜ਼ੂਰ ਦਾ ਡੇਰਾ ਸੀ ਫੱਯਾ ਵਿਖੇ ਸੇਠ ਦਿਆਲ ਸਿੰਘ ਨਰੂਲਾ ਦੇ ਬੰਗਲੇ ਵਿਖੇ ਸੀ ਜੋ ਸੇਠ ਮੋਹਰ ਸਿੰਘ ਦੇ ਬੰਗਲੇ ਦੇ ਬਿਲਕੁਲ ਨਾਲ ਹੀ ਸੀ। ਸ੍ਰੀ ਹਜ਼ੂਰ ਜੀ ਦੇ ਹੁਕਮ ਅਨੁਸਾਰ 30-12-1958 ਦਾ ਕੀਰਤਨ ਅੰਮ੍ਰਿਤ ਵੇਲੇ ਧਰਮਸ਼ਾਲਾ ਵਿਖੇ ਸਥਾਨਕ ਕੀਰਤਨੀ ਜਥੇ ਨੇ ਵਾਰੇ ਦੇ ਰੂਪ ਵਿੱਚ ਕੀਤਾ। ਦੁਪਹਿਰ ਦੇ ਲੰਗਰ ਛਕਣ ਵੇਲੇ ਫੇਰ ਵੀ ਕਈ ਸਰੀਰ ਉੱਥੇ ਡੇਰੇ ਪਹੁੰਚੇ ਪਰ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਉਸ ਕਮਰੇ ਤੋਂ ਦੂਰ ਹੀ ਰਹੇ ਜਿੱਥੇ ਸ੍ਰੀ ਹਜ਼ੂਰ ਜੀ ਬਿਸਰਾਮ ਕਰਦੇ ਸਨ। ਇੱਕ ਸਿੱਖ ਅਰਜਨ ਸਿੰਘ ਨੇ ਗਰੀਬ-ਨਿਵਾਜ਼ ਜੀ ਦੇ ਚਰਨਾਂ ਵਿੱਚ ਅਰਦਾਸ ਲਿਖਕੇ ਦਿੱਤੀ ਕਿ ਬਣੀ ਹੋਈ ਕਮੇਟੀ ਦੀ ਇੱਕ ਸਾਲ ਦੀ ਮਿਆਦ ਖ਼ਤਮ ਹੋ ਰਹੀ ਹੈ ਤੇ ਆਪ ਨਵੀਂ ਕਮੇਟੀ ਦੀ ਸਥਾਪਨਾ ਕਰ ਜਾਵੋ। ਸੋ ਇਸ ਪਰਥਾਇ ਸਤਿਗੁਰੂ ਜੀ ਨੇ ਆਪਣੇ ਪਵਿੱਤਰ ਉਪਦੇਸ਼ਾਂ ਵਿੱਚ ਇਸ ਬਾਰੇ ਹੁਕਮ ਕੀਤਾ ਹੋਇਆ ਹੈ ਜੋ ਉਸ ਸਮੇਂ ਰਿਕਾਰਡ ਵੀ ਕੀਤਾ ਗਿਆ ਸੀ। ਸ੍ਰੀ ਹਜ਼ੂਰ ਜੀ ਦੇ ਦਰਸ਼ਨ ਦੇਣ ਤੋਂ ਇੱਕ-ਦੋ ਦਿਨ ਬਾਅਦ ਇਨ੍ਹਾਂ ਸਤਰਾਂ ਦਾ ਲੇਖਕ ਵੀ ਡੇਰੇ ਵਿਖੇ ਦਰਸ਼ਨ ਕਰਨ ਲਈ ਗਿਆ ਪਰ ਮਨ ਵਿੱਚ ਭੈਅ ਸੀ ਕਿ ਗਰੀਬ-ਨਿਵਾਜ਼ ਕਿਤੇ ਨਰਾਜ਼ ਨਾ ਹੋਣ ਤਾਂ ਸਤਿਗੁਰੂ ਜੀ ਦੇ ਕਮਰੇ ਤੋਂ ਬਾਹਰ ਵਾਰ ਹੀ ਖਲੋਤਾ ਰਿਹਾ ਤਾਂ ਕਿ ਵਿਚਕਾਰਲਾ ਬੂਹਾ ਖੁੱਲ੍ਹਣ 'ਤੇ ਦੂਰੋਂ ਹੀ ਸਤਿਗੁਰੂ ਜੀ ਦੇ ਦਰਸ਼ਨ ਹੋਏ ਤਾਂ ਉਸ ਵੇਲੇ ਆਪ ਜੀ ਨੇ ਇਸ਼ਾਰੇ ਨਾਲ ਹੀ ਦਾਸ ਨੂੰ ਅੰਦਰ ਆਉਣ ਲਈ ਹੁਕਮ ਕੀਤਾ। ਜਦ ਜਾ ਕੇ ਚਰਨ-ਕੰਵਲਾਂ ਤੇ ਨਮਸਕਾਰ ਕੀਤੀ ਤਾਂ ਆਪ ਜੀ ਨੇ ਫੁਰਮਾਇਆ "ਤੂੰ ਬਾਹਰ ਕਿਉਂ ਖੜ੍ਹਾ ਹੋਇਆ ਸੈਂ?" ਤਾਂ ਹੱਥ ਜੋੜ ਕੇ ਅਰਜ਼ ਕੀਤੀ,"ਆਪਜੀ ਦਾ ਹੁਕਮ ਹੈ ਕਿ ਬਿਨਾਂ ਸੱਦਣ ਤੋਂ ਕੋਈ ਡੇਰੇ ਨਾ ਆਵੇ।" ਤਾਂ ਸ੍ਰੀ ਹਜ਼ੂਰ ਜੀ ਨੇ ਮੁਸਕਰਾ ਕੇ ਕਿਹਾ ਕਿ "ਇਹ ਹੁਕਮ ਤੇਰੇ ਵਾਸਤੇ ਨਹੀਂ ਹੈ, ਤੂੰ ਹਰ ਵੇਲੇ ਇਥੇ ਆ ਸਕਦਾ ਹੈਂ।" ਸੋ ਸ੍ਰੀ ਸਤਿਗੁਰੂ ਜੀ ਦੀ ਇਹ ਵੱਡੀ ਬਖ਼ਸ਼ਿਸ਼ ਸੀ ਜੋ ਨਿਮਾਣਿਆਂ ਨੂੰ ਇਸ ਪ੍ਰਕਾਰ ਮਾਣ ਦਿੰਦੇ ਸਨ। ਗਰੀਬ ਨਿਵਾਜ਼ ਜੀ ਨੇ ਇਹ ਵੀ ਹੁਕਮ ਕੀਤਾ ਕਿ ਸਾਧ-ਸੰਗਤ ਵਿੱਚੋਂ ਕੋਈ ਵੀ ਸਰੀਰ ਮਹਾਰਾਜ ਬੀਰ ਸਿੰਘ ਦੇ ਸੰਬੰਧ ਵਿੱਚ ਨਾ ਬਚਨ ਕਰੇ ਤੇ ਨਾ ਕੋਈ ਪੁੱਛੇ।

**ਚੱਲਦਾ.......................**

# ਅੜਬੰਗੀ (ਨਾਵਲ)

✍-ਸੰਤ ਇੰਦਰ ਸਿੰਘ ਚੱਕ੍ਰਵਰਤੀ

ਮੈਂ ਉਸ ਦੇ ਨਾਲ ਜਾਣ ਲਈ ਮਜਬੂਰ ਸਾਂ। ਮੇਰਾ ਪਸਤੌਲ ਉਸ ਕੋਲ ਸੀ, ਖੋਹ ਮੈਂ ਨਹੀਂ ਸੀ ਸਕਦਾ, ਨਾਲੇ ਮੈਨੂੰ ਇਹ ਪੱਕਾ ਯਕੀਨ ਸੀ ਕਿ ਮੇਰੇ ਸਾਥੀ ਤੇ ਸਾਹਿਬ ਸੁਪ੍ਰਡੈਂਟ ਬਹਾਦਰ, ਮੇਰੀ ਭਾਲ ਵਿਚ ਜਰੂਰ ਆਉਣਗੇ।

ਪਰ ਮੈਂ ਬਹੁਤ ਡਰਦਾ ਸਾਂ ਅਤੇ ਪਛਤਾ ਰਿਹਾ ਸਾਂ ਕਿ ਮੈਂ ਇਧਰ ਆਉਣ ਦੀ ਦਲੇਰੀ ਕਿਉਂ ਕੀਤੀ। ਲਾਚਾਰ ਹੋ ਕੇ ਮੈਂ ਚੁਪ ਚਾਪ ਉਸ ਕੁੜੀ ਦੇ ਪਿਛੇ ਹੋ ਤੁਰਿਆ। ਉਹ ਨਿਰਭੈ ਹਰਨੀ ਵਾਂਗ ਚੌਕੜੀਆਂ ਭਰਦੀ, ਰੇਤ ਦੇ ਟਿੱਬਿਆਂ ਦੇ ਵਿੱਥੇ ਪਾਰ ਕਰਦੀ ਜਾ ਰਹੀ ਸੀ। ਥੋੜੀ ਜਿਹੀ ਦੂਰ ਜਾਣ ਤੇ ਮੇਰੀ ਨਜ਼ਰ ਇਕ ਝੁੱਗੀ ਜਿਹੀ ਤੇ ਪਈ। ਸਾਫ ਮੈਦਾਨ ਸੀ। ਦੁਆਲੇ ਦੁਆਲੇ ਜੰਗਲੀ ਕਰੇਲੇ ਤੇ ਕਕੜੇ ਆਦਿ ਦੀਆਂ ਬਰਾਨੀ ਵੇਲਾ ਲੱਗੀਆਂ ਹੋਈਆਂ ਸਨ। ਮੈਂ ਬਰਾਬਰੀ ਕਰਦਾ ਡਰਦਾ ਡਰਦਾ ਨਾਲ ਨਾਲ ਤੁਰਦਾ ਜਾ ਰਿਹਾ ਸਾਂ। ਅਸੀਂ ਜਦ ਉਸ ਝੁੱਗੀ ਜਿਹੀ ਦੇ ਕੋਲ ਪੁੱਜੇ ਤਾਂ ਇਕ ਸ਼ਾਂਤ ਪੁੰਜ ਜਿਹਾ ਸੰਤ ਸਰੂਪ ਪੈਰਾਂ ਵਿਚ ਪਊਏ, ਹੱਥ ਵਿਚ ਮਾਲਾ, ਸਿਰ ਤੇ ਨਿੱਕਾ ਜਿਹਾ ਖੱਦਰ ਦਾ ਪਰਨਾ, ਲੰਮਾ ਲੰਮਾ ਦਰਸ਼ਨੀ ਜੁਆਨ, ਝੁਗੀ ਵਿਚੋਂ ਨਿਕਲ ਕੇ, ਸਾਡੇ ਵੱਲ ਨੂੰ ਹੀ ਆਉਂਦਾ ਨਜ਼ਰ ਪਿਆ। ਭਾਵੇਂ ਮੈਂ ਡਿਠਾ ਤੇ ਉਸ ਨੂੰ ਕਦੀ ਨਹੀਂ ਸੀ ਪਰ ਉਸ ਦਾ ਜੋ ਹੁਲੀਆ ਸਾਡੇ ਕੋਲ ਸੀ, ਉਸ ਨਾਲ ਬਹੁਤ ਕੁਝ ਮਿਲਦਾ ਜੁਲਦਾ ਸੀ। ਜਦ ਉਹ ਸਾਥੋਂ ਕੁਝ ਹੀ ਦੂਰ ਰਹਿ ਗਿਆ, ਮੈਂ ਕੁੜੀ ਨੂੰ ਪੁੱਛਿਆ, "ਇਹ ਕੌਣ ਏ ?

"ਇਹੀ ਤੇ ਹੈਨ ਸੰਤ ਭਗਵਾਨ ਸਿੰਘ ਜੀ ਅੜਬੰਗੀ।"

ਸਾਡੇ ਕੋਲ ਆ ਕੇ ਉਨ੍ਹਾਂ ਨੇ ਮੇਰੇ ਵੱਲ ਭੇਦ ਭਰੀ ਜਿਹੀ ਨਜ਼ਰ ਸੁਟਦਿਆਂ ਕਿਹਾ, 'ਭੈਣ ਜੀ! ਇਹ ਕਿਸ ਨੂੰ ਨਾਲ ਲਈ ਆ ਰਹੇ ਹੋ?'

"ਇਹ ਇਕ ਪੁਲਸੀਆ ਹੈ ਜੋ ਤੁਹਾਨੂੰ ਫੜਨ ਆਇਆ ਹੈ।''

"ਮੈਨੂੰ ਫੜਦਾ ਫੜਦਾ ਇਹ ਸ਼ੋਹਦਾ ਤੇ ਆਪੇ ਹੀ ਫੜਿਆ ਗਿਆ ਹੈ।"

ਮੇਰਾ ਸਾਰਾ ਖੂਨ ਪਾਣੀ ਹੋ ਚੁੱਕਾ ਸੀ ਅਤੇ ਮੈਨੂੰ ਤੇਲੀ ਤੇ ਤੇਲੀ ਆ ਰਹੀ ਸੀ। ਮੇਰੇ ਕੋਲ ਆ ਕੇ ਉਸ ਮੇਰੇ ਵੱਲ ਚੰਗੀ ਤਰ੍ਹਾਂ ਤਕ ਕੇ ਕਿਹਾ:

"ਓਹੋ। ਹੋ!! ਸਰਦਾਰ ਦਲੀਪ ਸਿੰਘ ਖੰਡਾ ਸਾਹਿਬ, ਇਨਸਪੈਕਟਰ ਪਲੀਸ। ਵਾਹ!! ਤੁਸੀਂ ਇਥੇ ਕਿੱਥੇ ?

ਮੈਂ ਕੀ ਆਖਦਾ ਕਿ ਮੈਂ ਤੈਨੂੰ ਫੜਨ ਆਇਆ ਹਾਂ ? ਪਰ ਮੈਂ ਹੈਰਾਨ ਇਸ ਗੱਲੋਂ ਬਹੁਤ ਹੀ ਹੋ ਰਿਹਾ ਸਾਂ ਕਿ ਇਸ ਨੂੰ ਮੇਰਾ ਨਾ ਕਿਸ ਦੱਸ ਦਿੱਤਾ?

ਹੁਣ ਅੜਬੰਗੀ ਮੇਰੇ ਅਗੇ ਖਲੋਤਾ ਸੀ ਅਤੇ ਨਾਲ ਹੀ ਖਲੋਤੀ ਸੀ ਉਹ ਕੁੜੀ ਜੋ ਮੈਨੂੰ ਚਿੜਾਉਣ ਤੇ ਸ਼ਰਮਿੰਦਾ ਕਰਨ ਲਈ ਆਖਦੀ ਸੀ ਕਿ ਗੁਰੂ ਗ੍ਰੰਥ ਸਾਹਿਬ ਦੀ ਸੋਹ ਖਾ ਕੇ ਕੀਤਾ ਹੋਇਆ ਇਕਰਾਰ, ਠਾਣੇਦਾਰ ਭਰਾ ਜੀ, ਲਿਆਉ ਨਾ ਮੇਰਾ ਇਨਾਮ ?

ਮੇਰੀਆਂ ਅੱਖਾਂ ਉਚੀਆਂ ਨਹੀਂ ਸਨ ਉਠਦੀਆਂ, ਇਨਾਮ ਤਾਂ ਇਕ ਪਾਸੇ ਰਿਹਾ ਮੈਂ ਅੜਬੰਗੀ ਨੂੰ ਗ੍ਰਿਫ਼ਤਾਰ ਕਰਨ ਆਇਆ ਉਲਟਾ ਆਪ ਹੀ ਉਸ ਦੀ ਹਿਰਾਸਤ ਵਿਚ ਤੇ ਉਸ ਦੇ ਰਹਿਮ ਤੇ ਸਾਂ। ਅਜਿਹੇ ਥਾਂ ਵਿਚ ਆ ਵਸਿਆ ਸਾਂ ਜਿਥੇ ਮੇਰਾ ਕੋਈ ਵੀ ਸੰਗੀ ਸਾਥੀ ਤੇ ਹਮਦਰਦ ਨਹੀਂ ਸੀ। ਮੈਂ ਅਸਲੋਂ ਇਕੱਲਾ ਸਾਂ। ਜਦ ਮੈਂ ਕੋਈ ਵੀ ਜਵਾਬ ਨਾ ਦੇ ਸਕਿਆ ਤਦ ਉਸ ਕੁੜੀ ਨੇ ਮੇਰਾ ਪਸਤੌਲ ਅੜਬੰਗੀ ਦੇ ਹੱਥ ਫੜਾਉਂਦਿਆਂ ਕਿਹਾ –

"ਭਰਾ ਜੀ! ਐਹ ਇਨ੍ਹਾਂ ਦੀ ਇਮਾਨਤ ਹੈ, ਇਨ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਕਸਮ ਖਾ ਕੇ ਕਿਹਾ ਸੀ ਕਿ ਤੁਹਾਡਾ ਪਤਾ ਦੱਸ ਦੇਣ ਤੇ ਥਾਂ ਵਿਖਾ ਦੇਣ ਤੇ ਇਹ ਮੈਨੂੰ ਇਕ ਹਜ਼ਾਰ ਨਕਦ ਇਨਾਮ ਦੇਣਗੇ, ਪਰ ਹੁਣ ਕੋਈ ਗੱਲ ਹੀ ਨਹੀਂ ਸੁਣਦੇ ਕਰਦੇ ? ਇਸੇ ਇਕਰਾਰ ਨਾਲ ਮੈਂ ਇਨ੍ਹਾਂ ਨੂੰ ਇਸ ਥਾਂ ਲੈ ਕੇ ਆਈ ਹਾਂ, ਇਸ ਲਈ ਜਿੰਨਾ ਚਿਰ ਇਹ ਆਪਣਾ ਇਕਰਾਰ ਪੂਰਾ ਨਹੀਂ ਕਰਦੇ ਉਤਨਾ ਚਿਰ ਇਨ੍ਹਾਂ ਦੀ ਇਹ ਘੁੱਗੀ ਜਿਹੀ ਆਪਣੇ ਕੋਲ ਰੱਖ ਛੱਡੋ। ਮੈਂ ਆਪਣਾ ਬਚਨ ਪੂਰਾ ਕਰ ਦਿੱਤਾ, ਜਦ ਇਹ ਕਰ ਦੇਣਗੇ ਤਾਂ ਇਹ ਆਪਣੀ ਇਮਾਨਤ ਜੀ ਸਦਕਾ ਲੈ ਲੈਣ।

ਇਹ ਆਖ ਉਹ ਅੜਬੰਗੀ ਨੂੰ ਸਤਿ ਸ੍ਰੀ ਅਕਾਲ ਆਖ, ਬਿਨਾਂ ਕੁਝ ਕਹੇ ਸੁਣੇ ਤੁਰ ਗਈ ਅਤੇ ਜਦ ਮੈਂ ਪਿਛਲੇ ਪਾਸੇ ਡਿੱਠਾ ਮੇਰੇ ਪਿਠ ਪਾਸੇ ਪੰਜ ਛੇ ਬੀਕਾਨੇਰੀਏ ਰਾਜਪੂਤ ਜਿਹੇ ਆ ਖਲੋਤੇ ਜਿਨ੍ਹਾਂ ਦੀਆਂ ਸ਼ਕਲਾ ਵੇਖ ਮੇਰਾ ਦਮ ਖੁਸ਼ਕ ਹੁੰਦਾ ਜਾ ਰਿਹਾ ਸੀ ਅਤੇ ਮੇਰੇ ਦਿਮਾਗ ਨੂੰ ਚੱਕਰ ਆਉਣ ਲਗ ਪਏ। ਮੈਂ ਸਮਝ ਬੈਠਾ ਸਾਂ ਕਿ ਹੁਣ ਜੀ ਦੀ ਖੈਰ ਨਹੀਂ ! ਗਿਦੜਾਂ ਦੇ ਭੱਤੇ ਆ ਗਏ ਸਮਝੋ। ਮੈਂ ਆਪਣਾ ਸਿਰ ਫੜਕੇ ਉਥੇ ਹੀ ਬੈਠ ਗਿਆ। ਅੜਬੰਗੀ ਨੇ ਮੇਰੇ ਕੋਲ ਆ ਕੇ ਕਿਹਾ –

"ਖੰਡਾ ਸਾਹਿਬ ! ਉਠੋ ਨਾ, ਮੂੰਹ ਹੱਥ ਧੋ ਕੇ ਕੁਝ ਜਲ-ਪਾਨ, ਦੁੱਧ, ਸਰਦਾਈ ਵਗੈਰਾ ਛਕ ਛਕਾਉ, ਫਿਕਰ

ਨਾ ਕਰੋ ? ਤੁਸੀਂ ਇਕੱਲੇ ਨਹੀਂ ਰਹਿੰਦੇ, ਰਾਤ ਹੋਣ ਤੋਂ ਪਹਿਲਾਂ ਪਹਿਲਾਂ ਬਹੁਤ ਸਾਰੀ ਆਸ ਹੈ ਕਿ ਇਥੇ ਤੁਹਾਡੇ ਕੋਲ ਹੀ ਸਾਹਿਬ ਬਹਾਦਰ ਬਾਰਬਰਟਨ ਸਾਹਿਬ ਵੀ ਤਰੀਫ਼ ਲੈ ਆਉਣਗੇ। ਮੈਕਲੋਡ ਗੰਜ ਜਿਹੀਆਂ ਖਾਤਰਾਂ ਤੇ ਨਹੀਂ ਪਰ ਲੱਗਦੀ ਵਾਹੇ ਇਥੇ ਤੁਹਾਨੂੰ ਕੋਈ ਤਕਲੀਫ ਨਹੀਂ ਹੋਣ ਦਿੱਤੀ ਜਾਏਗੀ। ਡਿੱਠਾ ਜੇ ਨਾ ਮੇਰੇ ਚੀਨੀ ਵਾਲੇ ਸ਼ਹਿਨਸ਼ਾਹ, ਪਾਤਸ਼ਾਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਤਾਪ, ਤੁਸੀਂ ਫੜਨ ਕਿਸੇ ਨੂੰ ਆਏ ਸੀ ਪਰ ਫੜੇ ਗਏ ਆਪ ਕਿਸੇ ਲਈ ਜੋ ਟੋਇਆ ਪੁਟਦਾ ਹੈ ਰੱਬ ਉਸ ਲਈ ਖੂਹ ਪੁੱਟ ਕੇ ਛਡਦਾ ਹੈ। ਫਿਕਰ ਨਾ ਕਰੋ, ਤਕੜੇ ਹੋਵੋ। ਅਸੀਂ ਤੁਹਾਡੇ ਜਿਹੀ ਨਹੀਂ ਕਰ ਸਕਦੇ। ਜਿਸ ਦਿਨ ਮੈਂ ਤੁਹਾਡੇ ਹੱਥ ਆ ਗਿਆ ਪਤਾ ਨਹੀਂ ਕੀ ਵਰਤਾਉ ਕਰੋਗੇ, ਫਾਂਸੀ ਤੋਂ ਘੱਟ ਤਾਂ ਤੁਹਾਡੇ ਵਿਚਾਰ ਵਿਚ ਮੇਰੇ ਲਈ ਕੋਈ ਸਜ਼ਾ ਹੈ ਹੀ ਨਹੀਂ। ਅੱਜ ਸਾਡੇ ਹੱਥ ਤੁਸੀਂ ਆਏ ਹੋ, ਅਸੀਂ ਤੁਹਾਨੂੰ ਦੁੱਧ ਪਿਲਾਵਾਂਗੇ, ਕੜਾਹ ਪ੍ਰਸ਼ਾਦ, ਪ੍ਰਾਉਂਠੇ ਛਕਾਵਾਂਗੇ, ਕਿਉਂਕਿ ਸਾਡੇ ਸਤਿਗੁਰੂ ਜੀ ਦਾ ਹੁਕਮ ਏ ਕਿ, 'ਦੁਸ਼ਮਨਾਂ ਨਾਲ ਆਪਣਿਆਂ ਨਾਲੋਂ ਬਹੁਤਾ ਪਿਆਰ ਕਰੋ। ' ਤੁਸੀਂ ਅੱਜ ਸਾਡੇ ਮਹਿਮਾਨ ਹੋ। ਕੂਕਾ ਘਰ ਆਏ ਵੇਰੀ ਨਾਲ ਭਰਾਵਾਂ ਨਾਲੋਂ ਵੱਧ ਪਿਆਰ ਕਰਦਾ ਹੈ। ਉਹ ਆਪਣੀ ਨਿੰਦਿਆ ਕਰਨ ਵਾਲੇ ਨੂੰ ਵੀ ਆਪਣਾ ਹਿਤੂ ਸਮਝਦਾ ਹੈ। ਫਿਰ ਕੋਲ ਖਲੋਤੇ ਇਕ ਰਾਜਪੂਤ ਨੂੰ ਸੰਬੋਧਨ ਕਰਕੇ ਕਿਹਾ - "ਬਿਕ੍ਰਮ ਸਿੰਘ ਜੀ। ਸਰਦਾਰ ਸਾਹਿਬ ਹੋਰਾਂ ਦੇ ਜਲ-ਪ੍ਰਸ਼ਾਦ, ਅਸ਼ਨਾਨ ਪਾਨ ਦਾ ਪ੍ਰਬੰਧ ਕਰੋ ਅਤੇ ਇਸ ਨਾਲਦੀ ਝੁਗੀ ਵਿਚ ਇਨ੍ਹਾਂ ਦਾ ਡੇਰਾ ਲੁਆ ਦਿਓ।"

"ਜੋ ਹੁਕਮ ਅੰਨ ਦਾਤਾ ਕਹਿ ਉਸ ਬਿਕ੍ਰਮ ਸਿੰਘ ਬਾਗੜੀ ਨੇ ਮੈਨੂੰ ਆਪਣੇ ਨਾਲ ਲੈ ਲਿਆ। ਏਨੇ ਨੂੰ ਇਕ ਹੋਰ ਬਾਗੜੀ ਜਿਹਾ ਨੱਸਾ ਨੱਸਾ ਆਇਆ। ਪਤਾ ਨਹੀਂ ਉਸ ਅੜਬੰਗੀ ਦੇ ਕੰਨ ਵਿਚ ਕੀ ਕਿਹਾ, ਉਹ ਝਟ ਪਟ ਉਸ ਦੇ ਨਾਲ ਜਾਣ ਲਈ ਤਿਆਰ ਹੋ ਗਿਆ ਅਤੇ ਜਾਂਦੇ ਜਾਂਦੇ ਬਿਕ੍ਰਮ ਸਿੰਘ ਨੂੰ ਆਖ ਗਿਆ ।"

"ਬਿਕ੍ਰਮ ਸਿੰਘ ਜੀ! ਰੋਟੀ ਪਾਣੀ, ਮੰਜਾ ਬਿਸਤਰਾ ਆਦਿ ਦੋਂਹ ਬੰਦਿਆਂ ਲਈ ਹੋਰ ਵੀ ਤਿਆਰ ਰੱਖਣਾ, ਅੱਜ ਸਾਡੀ ਕੁੱਲੀ ਨੂੰ ਭਾਗ ਲਾਉਣ ਲਈ ਹੋਰ ਮਹਿਮਾਨ ਵੀ ਆ ਰਹੇ ਹਨ।"

**2**

**੧**

ਮੇਰੇ ਦਫ਼ਤਰ, ਲੁਧਿਆਣਾ ਵਿਚ, ਇਤਲਾਹ ਪੁੱਜੀ ਕਿ "ਭੈਣੀ ਵਿਚ ਕੂਕਿਆਂ ਨੇ ਪੁਲੀਸ ਦੇ ਸਾਰੇ ਸਿਪਾਹੀ ਮਾਰ ਦਿੱਤੇ ਹਨ। ਇਸ ਖ਼ਬਰ ਨੂੰ ਮੈਂ ਬਹੁਤ ਹੀ ਖੁਸ਼ੀ ਨਾਲ ਸੁਣਿਆ। ਖੁਸ਼ੀ ਇਹ ਸੀ ਕਿ ਅੱਜ ਮੇਰੀ ਚਿਰਾਂ ਦੀ ਆਸ ਪੂਰੀ ਹੁੰਦੀ ਜਾਪਦੀ ਸੀ, ਉਹ ਇਹ ਕਿ ਕੂਕਿਆਂ ਦੇ ਇਸ ਨਵੇਂ ਗੁਰੂ, ਜਿਸ ਨੂੰ ਉਹ ਹੁਣ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਆਖਦੇ ਹਨ, ਨੂੰ ਮੈਂ ਮਨ ਭਾਂਦੀ ਸਜ਼ਾ ਦੁਆ ਸਕਾਂਗਾ ਕਿਉਂਕਿ ਇਸ ਤੋਂ ਮੈਂ ਤੇ ਮੇਰੀ ਸਰਕਾਰ ਬੜੇ ਬੇਜ਼ਾਰ ਹਾਂ। ਇਹ, ਪਹਿਲੇ ਗੁਰੂ ਰਾਮ ਸਿੰਘ, ਨਾਲੋਂ ਵੀ ਬਹੁਤ ਖ਼ਤਰਨਾਕ ਹੈ। ਬ੍ਰਿਟਿਸ਼ ਸਰਕਾਰ ਦਾ ਇਹ ਉਸ ਤੋਂ ਵੀ ਬਹੁਤਾ ਦੁਸ਼ਮਨ ਹੈ, ਕਈ ਗੱਲਾਂ ਵਿਚ ਤੇ ਇਹ ਮੈਨੂੰ, ਸਗੋਂ ਉਸ ਨਾਲੋਂ ਵੀ ਨੀਤੀਵਾਨ ਜਾਪਦਾ ਹੈ। ਜਾਹਿਰਾ ਤੌਰ ਤੇ ਇਹ ਕੋਈ ਗੱਲ ਨਹੀਂ ਕਰਦਾ, ਜੋ ਸਰਕਾਰ ਅੰਗਰੇਜ਼ੀ ਦੇ ਖਿਲਾਫ਼ ਹੋਵੇ। ਉਸ ਨੂੰ ਜੋ ਕੁਝ ਕਿਹਾ ਜਾਂਦਾ ਹੈ, ਸੁਣ ਕੇ ਚੁੱਪ ਕਰ ਰਹਿੰਦਾ ਹੈ, ਨਾ ਹਾਂ ਆਖਦਾ ਹੈ, ਨਾ ਨਾਂਹ! ਜਿੰਨੀ ਤਰੱਕੀ ਕੂਕਿਆਂ ਦੀ, ਇਸਦੇ ਥੋੜੇ ਜਿਹੇ ਸਮੇਂ ਵਿਚ ਹੋਈ ਹੈ, ਉਨੀ ਇਸ ਦੇ ਵੱਡੇ ਭਰਾ ਦੇ ਵੇਲੇ ਵੀ ਨਹੀਂ ਸੀ।

ਅਸਲ ਵਿਚ ਇਹ ਕੁਝ ਕਦੀ ਵੀ ਇੰਵ ਨਾ ਹੁੰਦਾ, ਜੇ ਇਸ ਦੀ ਪਤਨੀ ਸਿਆਣੀ, ਚੰਗੇ ਆਚਰਣ ਦੀ ਮਾਲਕ, ਨੇਕ ਦਿਲ, ਰੱਬ ਦੇ ਭੈ ਵਾਲੀ ਤੇ ਸਖਾਵਤ ਦੀ ਪੁਤਲੀ ਨਾ ਹੁੰਦੀ। ਉਸ ਦਾ ਨਾਂ ਜੀਉਣ ਕੌਰ ਹੈ, ਉਹ ਮੁਰਦਾ ਰੂਹਾਂ ਵਿਚ ਜੀਵਨ ਸੰਚਾਰਤ ਕਰਕੇ, ਉਨ੍ਹਾਂ ਨੂੰ ਜੀਉਂਦਿਆਂ ਕਰ ਦਿੰਦੀ ਹੈ। ਸਚ ਮੁਚ ਉਹ, ਸਵੇਰੇ ਉੱਠ ਕੇ ਨਾਂ ਲੈਣ ਵਾਲੀ ਹੈ। ਉਹ ਆਪਣਿਆਂ ਨਾਲੋਂ ਦੁਸ਼ਮਣਾਂ ਦਾ, ਸਗੋਂ ਬਾਹਲਾ ਆਦਰ ਸਤਿਕਾਰ ਕਰਦੀ ਹੈ। ਉਸ ਦੇ ਨਾਂ ਵਿਚ ਕੋਈ ਜਾਦੂ ਹੈ। ਹਰੇਕ ਕੂਕਾ, ਉਹ ਭਾਵੇਂ ਕਿੰਨੀ ਮੁਸੀਬਤ ਵਿਚ ਕਿਉਂ ਨਾ ਹੋਵੇ, ਉਸ ਦਾ ਨਾਂ ਲੈਂਦਿਆਂ ਹੀ, ਉਸ ਵਿਚ ਨਵੀਂ ਜ਼ਿੰਦਗੀ ਤੇ ਨਵਾਂ ਉਤਸ਼ਾਹ ਪੈਦਾ ਹੋ ਜਾਂਦਾ ਹੈ। ਕੂਕੇ ਉਸ ਨੂੰ ਆਪਣੀ ਸਕੀ ਮਾਂ ਨਾਲੋਂ ਵੀ ਵਧੀਕ ਸਮਝਦੇ ਹਨ ਅਤੇ ਉਹ ਹਰ ਇਕ ਕੂਕੇ ਨੂੰ। ਸਕੇ ਪੁੱਤਰ ਤੋਂ ਵੀ ਵੱਧ ਪਿਆਰਦੀ ਹੈ, ਸੱਚ ਤਾਂ ਇਹ ਹੈ ਕਿ ਜਦੋਂ ਕਦੀ ਮੈਂ ਉਸ ਕੋਲ ਜਾਂਦਾ ਹਾਂ ਤਾਂ ਉਹ ਮੈਨੂੰ ਪੁੱਤਰ ਆਖ ਕੇ ਬੁਲਾਉਂਦੀ ਹੈ, ਮੇਰੇ ਅੰਦਰਲੇ ਪਾਪ ਕੰਬ ਉਠਦੇ ਹਨ ਅਤੇ ਇਕ ਵਾਰ ਤਾਂ ਮੇਰਾ ਪੱਥਰ ਦਿਲ ਵੀ ਹੋਰ ਦਾ ਹੋਰ ਹੋ ਜਾਂਦਾ ਹੈ। ਜਿੰਨਾ ਤਸ਼ੱਦਦ ਜਿੰਨੀ ਸਖ਼ਤੀ ਮੈਂ ਕੂਕਿਆਂ ਤੇ ਕੀਤੀ ਹੈ, ਜੇ ਕੋਈ ਹੋਰ ਕੌਮ ਹੁੰਦੀ ਤਾਂ ਅੱਜ ਨੂੰ ਕਦੀ ਦੀ ਖ਼ਤਮ ਹੋ ਜਾਂਦੀ। ਜਦ ਕਿ ਸਿਵਾਇ ਇਨ੍ਹਾਂ ਦੇ ਆਪਣਿਆਂ ਦੇ, ਹੋਰ ਕੋਈ ਵੀ ਇਨ੍ਹਾਂ ਨੂੰ ਚੰਗਾ ਨਹੀਂ ਸਮਝਦਾ, ਪਰ ਇਹ ਕਿਸੇ ਦੀ ਵੀ ਪ੍ਰਵਾਹ ਨਾ ਕਰਦੇ ਹੋਏ, ਆਪਣੀ ਧੁਨ ਵਿਚ ਮਸਤ ਹਨ, ਬੇਪ੍ਰਵਾਹ ਹਨ। ਹੈਰਾਨੀ ਤਾਂ ਇਹ ਹੈ ਕਿ ਅੱਜ ਜਦ ਕਿ ਸਾਰਾ ਹਿੰਦੁਸਤਾਨ ਅੰਗਰੇਜ਼ ਦੇ ਗੁਣ ਗਾਉਂਦਾ ਨਹੀਂ ਥੱਕਦਾ, ਸਿੱਖ, ਅੰਗਰੇਜ਼ ਨੂੰ ਟੋਪੀ ਵਾਲਾ ਸਿੱਖ ਅਤੇ ਨੌਵੇਂ ਗੁਰੂ ਤੇਗ ਬਹਾਦਰ ਦੇ ਵਰ ਨਾਲ ਆਇਆ ਸਮਝ ਕੇ ਨਾ ਕੇਵਲ ਇਜ਼ਤ ਹੀ ਕਰਦੇ ਹਨ, ਸਗੋਂ ਗੁਰਦੁਆਰਿਆਂ ਦੇ ਅੰਦਰ ਮਸਤੀ ਨਾਲ

ਗੁਲਾਮੀ ਦੇ ਨਸ਼ੇ ਵਿਚ ਝੂਮਦੇ ਹੋਏ ਗਾਉਂਦੇ ਹਨ -ਜੁਗ ਜੁਗ ਰਾਜ ਸਵਾਇਆ ਟੋਪੀ ਵਾਲੇ ਦਾ ਪਰ ਇਹ ਕੂਕਾ, ਜੇ ਰਾਜ ਲੈਣ ਦੇ ਸੁਪਨੇ ਲੈ ਰਿਹਾ ਹੈ, ਨਾ ਕੇਵਲ ਅੰਗਰੇਜ਼ ਨੂੰ ਚੰਗੀ ਨਜ਼ਰ ਨਾਲ ਹੀ ਨਹੀਂ ਵੇਖਦਾ ਸਗੋਂ ਨਿਤ ਅਰਦਾਸ ਕਰਨ ਵੇਲੇ, ਰੋਜ਼ ਮੰਗ ਮੰਗਦਾ ਹੈ- "ਹੇ ਅਕਾਲ ਪੁਰਖ ! ਗਊ ਗਰੀਬ ਦੇ ਕਸ਼ਟ ਦੂਰ ਕਰ, ਬੰਦੀਖਾਨੇ ਦੀ ਬੰਦ ਖਲਾਸ ਕਰ , ਮਹਾ ਮਲੇਛ ਦਾ ਨਾਸ ਕਰ ਕੇ ਆਪਣੇ ਸੰਤ ਖਾਲਸੇ ਦਾ ਪ੍ਰਕਾਸ਼ ਕਰ।"

"ਮਹਾਂ ਮਲੇਛ ਤੋਂ ਇਨ੍ਹਾਂ ਦਾ ਭਾਵ ਅੰਗਰੇਜ਼ ਤੋਂ ਹੈ ਅਤੇ "ਸੰਤ ਖਾਲਸੇ ਤੋਂ ਆਪਣੇ "ਕੂਕਾ ਪੰਥ ਦਾ।"

ਉਸ ਦਿਨ ਇਨ੍ਹਾਂ ਦਾ ਇਕ ਸੰਤੋਖ ਸਿੰਘ ਨਾਮੀ ਪਾਗਲ ਜਿਹਾ ਲੁਧਿਆਣਾ ਕਚਹਿਰੀ ਵਿਚ ਦਿਨੇ ਮਸ਼ਾਲ ਬਾਲੀ ਫਿਰਦਾ ਸੀ ਅਤੇ ਨਾਲੇ ਉੱਚੀ ਉੱਚੀ ਗਾਉਂਦਾ ਫਿਰਦਾ ਸੀ-

"ਇਹ ਮਲੇਛ ਲੰਦਨੋਂ ਆਏ,<br>
ਏਨ੍ਹਾਂ ਬੁਚੜਖਾਨੇ ਲਾਏ,<br>
ਸਾਨੂੰ ਗਊਆਂ ਦਾ ਦੁਖ ਖਾਏ ,<br>
ਸਿੰਘ, ਸੀਸ ਦੇਣੇ ਹੁਣ ਆਏ,<br>
ਨਾਮ ਅਕਾਲ ਦੇ।

ਇਨ੍ਹਾਂ ਦੀਆਂ ਕਮਲੀਆਂ ਰਮਲੀਆਂ ਕਰ ਕੇ ਹੀ ਤਾਂ ਅਸੀਂ ਤੇ ਸਾਡੀ ਸਰਕਾਰ ਇਨ੍ਹਾਂ ਪਾਗਲਾਂ ਨੂੰ ਚੰਗਾ ਨਹੀਂ ਸਮਝਦੇ। ਗੁਰੂ ਰਾਮ ਸਿੰਘ ਤੇ ਉਸ ਦੇ ਸੂਬਿਆਂ ਨੂੰ ਗ੍ਰਿਫਤਾਰ ਕਰ ਕੇ, ਇਨ੍ਹਾਂ ਦੇ ਕੇਂਦਰ ਭੈਣੀ ਸਾਹਿਬ ਨੂੰ ਲੁਟ ਪੁਟ ਉਜਾੜ ਅਸੀਂ ਬੇਫਿਕਰ ਹੋਏ ਬੈਠੇ ਸਾਂ ਕਿ ਹੁਣ ਇਹ ਸਦੀਆਂ ਤੀਕਰ ਸਿਰ ਨਹੀਂ ਚੁੱਕ ਸਕਦੇ ਤੇ ਸਦਾ ਲਈ ਖ਼ਤਮ ਹੋ ਗਏ। ਪਰ ਸਮਝ ਨਹੀਂ ਆਉਂਦੀ ਕਿ ਇਨ੍ਹਾਂ ਦਸਾਂ ਕੁ ਸਾਲਾਂ ਵਿਚ ਕੀ ਹੋ ਗਿਆ ਹੈ। ਬਾਵਜੂਦ ਸਾਡੀ ਸਖਤੀ ਦੇ, ਇਹ ਸਗੋਂ ਕਊੜੀ ਵੇਲ ਵਾਂਗੂੰ ਵਧਦੇ ਹੀ ਜਾ ਰਹੇ ਹਨ। ਇਕ ਥਾਂ ਇਕੱਠੇ ਹੋ ਕੇ ਇਹ ਨਹੀਂ ਬੈਠ ਸਕਦੇ। ਹੋਰ ਤਾਂ ਹੋਰ ਧਾਰਮਕ ਕੰਮ, ਪਾਠ ਦੀਵਾਨ ਦੀ ਵੀ ਇਨ੍ਹਾਂ ਨੂੰ ਆਜ਼ਾਦੀ ਨਹੀਂ, ਫਿਰ ਵੀ ਇਹ ਹਾਲ ਹੈ।

ਅਸਲ ਵਿਚ ਜਦ ਤੋਂ ਇਹ, ਗੁਰੂ ਹਰੀ ਸਿੰਘ ਤੇ ਮਾਈ ਜੀਉਣ ਕੋਰ, ਇਕੱਠੇ ਹੋਏ ਹਨ, ਤਦ ਤੋਂ ਸਾਨੂੰ ਅੱਗੇ ਨਾਲੋਂ ਵੀ ਖ਼ਤਰਾ ਬਹੁਤ ਵਧ ਰਿਹਾ ਹੈ। ਗੁਰੂ ਰਾਮ ਸਿੰਘ ਨੂੰ ਗ੍ਰਿਫਤਾਰ ਕਰਨ ਦੇ ਤਾਂ ਕਈ ਬਹਾਨੇ ਬਣ ਵੀ ਗਏ ਸਨ ਜਾਂ ਬਣਾ ਲਏ ਗਏ ਸਨ ਪਰ ਇਸ ਨੂੰ ਕੁਝ ਵੀ ਆਖਣ ਦਾ ਬਹਾਨਾ ਨਹੀਂ ਲਭਦਾ। ਲੈਕਚਰ ਇਹ ਨਹੀਂ ਕਰਦਾ, ਬੋਲਦਾ ਬਹੁਤ ਘੱਟ ਹੈ। ਸਦਾ ਮਾਲਾ ਫੇਰਦਾ ਰਹਿੰਦਾ ਹੈ, ਜਾਂ ਬਾਣੀ ਪੜ੍ਹਦਾ ਰਹਿੰਦਾ ਹੈ। ਜੇ ਬੁਲਾਈਏ ਤਾਂ, ਹਾਂ ਜਾਂ ਨਾਂਹ ਆਖ ਕੇ ਚੁੱਪ ਕਰ ਰਹਿੰਦਾ ਹੈ। ਸਾਡੇ ਕਿਸੇ ਵੀ ਮਾੜੇ ਭੈੜੇ ਰਵੱਈਏ ਦੀ, ਜਾਂ ਪੁਲੀਸ ਦੀ ਚੌਕੀ ਦੇ ਜਾਲਮ ਤੋਂ ਜ਼ਾਲਮ ਸਿਪਾਹੀ ਦੀ ਵੀ ਕਦੀ ਸ਼ਕੈਤ ਨਹੀਂ ਕਰਦਾ। ਉਸ ਦਾ ਦਰਸ਼ਨ ਕਰਨ ਆ ਰਹੇ ਕੂਕਿਆਂ ਨੂੰ ਇਹ ਸਿਪਾਹੀ ਬਹੁਤ ਤੰਗ ਕਰਦੇ ਹਨ ਤਾਂ ਜੋ ਉਹ ਇਥੇ ਆਉਣ ਤੋਂ ਹਟ ਜਾਣ ਪਰ ਉਸ ਨੇ ਕਦੀ ਵੀ ਸਾਨੂੰ ਕੁਝ ਨਹੀਂ ਕਿਹਾ। ਉਹ ਇਹ ਚੰਗੀ ਤਰ੍ਹਾਂ ਸਮਝਦਾ ਏ ਕਿ ਇਹ ਜੋ ਕੁਝ ਕਰਾਉਂਦੇ ਹਾਂ, ਅਸੀਂ ਹੀ ਕਰਾਉਂਦੇ ਹਾਂ, ਪਰ ਮੇਰੀ ਤੇ ਇਹ ਸਦਾ ਖ਼ਾਹਿਸ਼ ਰਹੀ ਹੈ ਕਿ ਇਹ ਕਦੀ ਇਕ ਵਾਰ ਤੇ ਕਹੇ ਕਿ, "ਸਾਹਿਬ ਮੈਨੂੰ ਇਹ ਤਕਲੀਫ਼ ਹੈ, ਇਸ ਨੂੰ ਰਫਾ ਕਰ ਦਿਓ।" ਜਦੋਂ ਜਾ ਕੇ ਪੁੱਛੀਦਾ ਹੈ, "ਬਾਵਾ ਸਾਹਿਬ, ਕੋਈ ਤਕਲੀਫ਼ ਤਾਂ ਨਹੀਂ? ਅਗੋਂ ਬੇਪ੍ਰਵਾਹੀ ਜਹੀ ਨਾਲ ਆਖ ਛੱਡਦਾ ਹੈ, "ਨਹੀਂ, ਹੋਰ ਤਾਂ ਕੋਈ ਤਕਲੀਫ਼ ਨਹੀਂ ਇਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਦਾ ਦੁਖ ਹੈ। ਇਸ ਅੱਗੇ ਹੋਰ ਸਾਰੇ ਦੁੱਖ ਫਿਕੇ ਪੈ ਜਾਂਦੇ ਹਨ।" ਆਪਣੀ ਜ਼ਿੰਦਗੀ ਵਿਚ ਮੈਂ ਅਜਿਹਾ ਸਾਬਰ, ਗੰਭੀਰ, ਸ਼ਾਂਤ ਚਿਤ ਇਨਸਾਨ ਕੋਈ ਨਹੀਂ ਵੇਖਿਆ। ਇਸ ਦਾ ਜੇਰਾ ਕਮਾਲ ਹੈ, ਇਸਦੀ ਸਹਿਨਸ਼ੀਲਤਾ ਬੇ-ਅੰਦਾਜ਼ ਹੈ। ਜੇਹੋ ਜੇਹਾ ਇਹ ਆਪ ਹੈ ਤੇਹੋ ਜੇਹੀ ਇਸ ਦੀ ਘਰ ਵਾਲੀ ਮਾਈ ਜੀਉਣ ਕੌਰ ਹੈ। ਜਦੋਂ ਦੀ ਇਹ ਆਈ ਹੈ ਦੋਸਤ-ਦੁਸ਼ਮਣ ਸਾਰੇ ਤਾਰੀਫ ਕਰਦੇ ਹਨ ਤੇ ਅਦਬ ਸਤਿਕਾਰ ਕਰਦੇ ਹਨ। ਜਿਨ੍ਹਾਂ ਕੂਕਿਆਂ ਨੂੰ ਅਸੀਂ ਆਪਣੇ ਵਲੋਂ ਖ਼ਤਮ ਕਰ ਚੁੱਕੇ ਸੀ, ਅੱਜ ਉਹ ਪਤਾ ਨਹੀਂ ਕਿਧਰੋਂ ਖੁੰਬਾਂ ਵਾਂਗ ਸਿਰ ਕੱਢੀ ਤੁਰੇ ਆ ਰਹੇ ਹਨ। ਕੋਈ ਵੀ ਦਿਨ ਅਜਿਹਾ ਨਹੀਂ ਬਾਵਜੂਦ ਸਾਡੀ ਇਨਤਹਾ ਸਖਤੀ ਦੇ, ਜਦ ਭੈਣੀ ਦੀ ਹਦੂਦ ਅੰਦਰ ਸੌ ਪੰਜਾਹ ਭੁੱਖੇ ਭਾਣੇ ਕੂਕੇ ਆਪਣੇ ਗੁਰੂ ਦੇ ਦਰਸ਼ਨ ਦੀ ਇੰਤਜ਼ਾਰ ਵਿਚ ਬੈਠੇ ਨਾ ਦਿਸ ਰਹੇ ਹੋਣ। ਮੈਨੂੰ ਸਰਕਾਰ ਵਲੋਂ ਹਦਾਇਤ ਆਉਂਦੀ ਹੈ ਕਿ ਮੈਂ ਇਸ ਗੱਲ ਦਾ ਕੋਈ ਇੰਤਜ਼ਾਮ ਕਰਾਂ ਕਿਉਂਕਿ ਭਾਰਤ ਸਰਕਾਰ ਦੀ ਸਿਫ਼ਾਰਿਸ਼ ਤੇ ਪੰਜਾਬ ਸਰਕਾਰ ਨੇ, ਮੈਨੂੰ ਖਾਸ ਤੌਰ ਤੇ ਚੁਣ ਕੇ ਇਸ ਕੰਮ ਤੇ ਲਾਇਆ ਹੈ। ਨਹੀਂ ਤਾਂ ਕੀ ਕੋਈ ਐਸ ਪੀ. 10 ਸਾਲ ਇਕ ਥਾਂ ਟਿਕ ਸਕਦਾ ਹੈ ? ਪਰ ਮੈਂ ਕਰਾਂ ਤਾਂ ਕੀ ਕਰਾਂ ਜਦ ਕਿ ਉਹ ਮੈਨੂੰ ਕੋਈ ਵੀ ਮੌਕਾ ਨਹੀਂ ਦੇ ਰਿਹਾ। ਅੱਜ ਦੀ ਖ਼ਬਰ , ਖ਼ੁਦਾ ਕਰੇ ਸੱਚੀ ਹੋਵੇ, ਇਸ ਨੇ ਜਿੰਨਾ ਖੁਸ਼ ਮੈਨੂੰ ਕੀਤਾ ਹੈ, ਉਸ ਨੂੰ ਮੈਂ ਬਿਆਨ ਨਹੀਂ ਕਰ ਸਕਦਾ। ਸਿਪਾਹੀਆਂ ਦੇ ਮਾਰੇ ਜਾਣ ਦਾ ਮੈਨੂੰ ਕੋਈ ਵੀ ਦੁਖ ਨਹੀਂ ਕਿਉਂਕਿ ਉਹ ਕਿਹੜਾ ਕੋਈ ਅੰਗਰੇਜ਼ ਹਨ ਜਿਨ੍ਹਾਂ ਦੇ ਮਰਨ ਦਾ ਕੋਈ ਖ਼ਾਸ ਰੰਜ ਹੋਵੇ। ਇਨ੍ਹਾਂ ਕਾਲੇ ਗੁਲਾਮਾਂ ਦਾ ਇਸ ਦੇਸ਼ ਵਿਚ ਕੋਈ ਘਾਟਾ ਨਹੀਂ, ਦਸ ਮਾਰੇ ਗਏ ਤਾਂ ਵੀਹ ਹੋਰ ਆ ਜਾਣਗੇ। ਇਸ ਲਈ ਅੱਜ ਮੇਰੀਆਂ ਸੱਤੇ ਘਿਉ ਵਿਚ ਸਨ।

ਮੈਂ ਚਾਈਂ ਚਾਈਂ ਭੈਣੀ ਨੂੰ ਤੁਰਿਆ। ਰਾਹ ਵਿਚ ਗੁਰੂ ਦੀ ਗ੍ਰਿਫਤਾਰੀ ਦੀਆਂ ਕਈ ਸਕੀਮਾਂ ਘੜੀਆਂ ਪਰ ਉਥੇ ਪੁੱਜ ਕੇ ਉਹ ਸਭੇ ਵਿਹਲ ਹੋ ਗਈਆਂ।

**ਚੱਲਦਾ......................**

# ਸੁੱਚੇ ਮੋਤੀ

## ਸਦੀਵੀ ਖੂਬਸੂਰਤੀ

ਬੇਸ਼ੱਕ ਕੁਦਰਤ ਦਾ ਸੁੰਦਰਤਾ ਦਾ ਸਿੱਕਾ
ਪੂਰੀ ਦੁਨੀਆਂ 'ਚ ਬਿਨਾ ਕਿਸੇ ਰੋਕ ਟੋਕ ਦੇ ਚੱਲਦੇ ਹੈ।
ਤਨ ਦੀ ਖੂਬਸੂਰਤੀ
ਰੰਗ ਦੀ ਚਮਕ, ਸ਼ਕਲ ਦੀ ਕਸ਼ਿਸ਼
ਇਕ ਭਰਮ ਹੈ, ਧੋਖਾ ਹੈ...
ਨੇਕੀ ਵਿਚ, ਨਿਮਰਤਾ ਵਿਚ,
ਪ੍ਰੇਮ-ਪਰੁੱਚੇ ਬੋਲਾਂ ਵਿਚ,
ਕਿਸੇ ਦੇ ਕੰਮ ਆਉਣ ਦਾ ਚਾਅ,
ਕਿਸੇ ਨੂੰ ਚੰਗਾ ਲੱਗਣ ਦੀ ਰੀਝ,
ਕਿਸੇ ਦੇ ਦਿਲ ਚ ਵੱਸਣ ਦਾ ਚੱਜ,
ਕਿਸੇ ਦੇ ਗੁਣਾਂ ਦੀ ਕਦਰ ਕਰਨੀ,
ਕਿਸੇ ਦੇ ਦੁੱਖ ਨੂੰ ਆਪਣਾ ਦੁੱਖ ਸਮਝਣਾਂ,
ਕਿਸੇ ਦੀਆਂ ਪ੍ਰਾਪਤੀਆਂ ਤੇ ਖੁਸ਼ੀ ਦਾ ਇਜ਼ਹਾਰ,
ਮੁੱਖ ਮਸਤਕ ਤੇ ਸਦਾ ਬਹਾਰ ਮੁਸਕਾਣ,
ਵੱਡੇ-ਛੋਟੇ, ਆਪਣੇ ਬਗਾਨੇ ਸਭ ਨੂੰ,
ਅਪਣੱਤ ਦਾ ਅਹਿਸਾਸ ਕਰਵਾਉਣ ਵਾਲਾ
ਵਿਸ਼ਾਲ ਹਿਰਦਾ...
ਜੋ ਦੁਸ਼ਮਣ ਨੂੰ ਵੀ ਮਿਤਰ ਬਣਾ ਸਕੇ...
ਇਹ ਹਨ ਸਦੀਵੀ ਖੂਬਸੂਰਤੀ ਦੇ ਕੁਝ ਮਾਪ-ਢੰਡ...
ਜੋ ਗੁਰਬਾਣੀ ਦੇ ਇਕ ਵਾਕ ਵਿਚ ਸਮੋਏ ਹੋਏ ਹਨ...
"ਸਭੁ ਕੋ ਮੀਤੁ ਹਮ ਆਪਨ ਕੀਨਾ,
ਹਮ ਸਭਨਾ ਕੇ ਸਾਜਨ॥"

- ਜਿਸਦਾ ਜਿਵੇਂ ਦਾ ਚਰਿੱਤਰ ਹੁੰਦਾ ਹੈ, ਉਵੇਂ ਦੇ ਹੀ ਉਸਦੇ ਮਿੱਤਰ ਹੁੰਦੇ ਹਨ।
- ਮਿਤਰਤਾ ਜਾਂ ਦੁਸ਼ਮਣੀ ਵਿਚਾਰਾਂ ਦੀ ਹੁੰਦੀ ਹੈ ਵਿਅਕਤੀਆਂ ਦੀ ਨਹੀਂ।
- ਸ਼ੁੱਧਤਾ ਵਿਚਾਰਾਂ ਦੀ ਹੁੰਦੀ ਹੈ, ਚੰਗੇ ਵਿਚਾਰਾਂ ਕਰਕੇ ਹੀ ਆਦਮੀ ਪਵਿੱਤਰ ਹੁੰਦਾ ਹੈ।
- ਫੁੱਲਾਂ ਵਿਚ ਵੀ ਕੀੜੇ ਹੁੰਦੇ ਹਨ ਅਤੇ ਪੱਥਰਾਂ ਵਿਚ ਹੀਰੇ।
- ਮੈਂ ਤੁਹਾਡੇ ਨਾਲ ਹਾਂ ਇਹ ਮੇਰੇ ਉੱਤਮ ਭਾਗ ਹਨ। ਪਰ ਤੁਸੀਂ ਮੇਰੇ ਨਾਲ ਹੋ, ਇਹ ਮੇਰਾ ਸੁਭਾਗ ਹੈ।
- ਜਨਮ ਤੋਂ ਨਾ ਕੋਈ ਸਾਡਾ ਦੁਸ਼ਮਣ ਹੁੰਦਾ ਹੈ, ਨਾ ਮਿੱਤਰ, ਇਹ ਸਾਡੇ ਵਿਹਾਰ ਨਾਲ ਬਣਦੇ ਹਨ। ਅਸੀਂ ਹੀ ਦੁਸ਼ਮਣ ਬਣਾਉਂਦੇ ਹਾਂ ਅਤੇ ਅਸੀਂ ਹੀ ਮਿੱਤਰ ਇਸ ਲਈ ਅਸੀਂ ਹੀ ਆਪਣੇ ਸਭ ਤੋਂ ਵੱਡੇ ਦੁਸ਼ਮਣ ਹਾਂ ਅਤੇ ਅਸੀਂ ਹੀ ਆਪਣੇ ਮਿੱਤਰ ਹਾਂ।
- **ਮਾਰਟਿਨ ਲੂਥਰ ਕਿੰਮ**- ਜਿਥੇ ਸਿਆਸਤ, ਧਾਰਮਿਕ ਮਸਲਿਆਂ ਨੂੰ ਸ਼ਾਂਤ ਕਰੇ ਉਹ ਦੇਸ਼ ਮਹਾਨ ਹੁੰਦਾ ਹੈ। ਪਰ ਜਿਥੇ ਸਿਆਸਤ ਧਾਰਮਿਕ ਮਸਲੇ ਪੈਦਾ ਕਰੇ, ਸਮਝੋ ਕਿ ਉਸ ਦੇਸ਼ ਨੂੰ ਗਲਤ ਬੰਦੇ ਚਲਾ ਰਹੇ ਹਨ (ਜੋ ਦੇਸ਼ ਧ੍ਰੋਹੀ ਹਨ)

# ਬੱਚਿਆਂ ਦਾ ਪੰਨਾ

## ਭਰਾਵਾਂ ਦੀਆਂ ਗੱਲਾਂ - 1

ਰਾਮ, ਲਛਮਨ, ਭਰਤ, ਸ਼ਤਰੂਘਣ ਭਰਾ ਸਨ। ਉਹਨਾਂ ਦਾ ਬੜਾ ਪਿਆਰ ਸੀ। ਰਾਮ ਜੀ ਵੱਡੇ ਸਨ। ਉਹਨਾਂ ਨੂੰ ਰਾਜ ਮਿਲਣਾ ਸੀ ਪਰ ਬਨਵਾਸ ਮਿਲ ਗਿਆ। ਰਾਮ ਜੀ ਵਣਾਂ ਨੂੰ ਗਏ। ਲਛਮਣ ਵੀ ਵਣਾਂ ਨੂੰ ਨਾਲ ਚਲਾ ਗਿਆ। ਭਰਤ ਨੂੰ ਰਾਜ ਸੌਂਪਿਆ ਗਿਆ। ਉਹ ਕਹੇ ਰਾਜ ਰਾਮ ਜੀ ਦਾ ਹੈ, ਰਾਮ ਜੀ ਰਾਜ ਕਰਨਗੇ। ਰਾਮ ਜੀ ਕਹਿਆ- ਭਰਤ ਜੀ ਰਾਜ ਤੁਸੀਂ ਕਰੋ। ਭਰਤ ਮੰਨ ਤਾਂ ਗਿਆ, ਪਰ ਤਖਤ ਤੇ ਰਾਮ ਜੀ ਦੀਆਂ ਖੜਾਵਾਂ ਰੱਖੀਆਂ। ਆਪ ਭੁੰਜੇ ਬਹਿ ਰਾਜ ਕੀਤਾ। ਉਹ ਬੜੇ ਚੰਗੇ ਭਰਾ ਸਨ। ਉਹ ਇਕ ਦੂਜੇ ਨੂੰ ਬੜਾ ਪਿਆਰ ਕਰਦੇ ਸਨ। ਛੋਟੇ ਵੱਡਿਆਂ ਦੀ ਆਗਿਆ ਵਿਚ ਰਹਿੰਦੇ ਸਨ।

## ਭਰਾਵਾਂ ਦੀਆਂ ਗੱਲਾਂ - 2

ਗੁਰੂ ਹਰੀ ਸਿੰਘ ਗੁਰੂ ਰਾਮ ਸਿੰਘ ਜੀ ਦੇ ਛੋਟੇ ਭਰਾ ਸਨ। ਇਹਨਾਂ ਦਾ ਆਪਸ ਵਿਚ ਬੜਾ ਪਿਆਰ ਸੀ। ਵੱਡੇ ਭਰਾ ਛੋਟੇ ਭਰਾ ਨੂੰ ਬਹੁਤ ਪਿਆਰ ਕਰਦੇ ਸਨ ਤੇ ਛੋਟੇ ਵੱਡੇ ਦੇ ਹੁਕਮ ਵਿਚ ਰਹਿੰਦੇ ਸਨ। ਅੱਗੋਂ ਨਹੀਂ ਸਨ ਬੋਲਦੇ। ਨਿਗਾਹ ਹੇਠਾਂ ਰੱਖਦੇ ਸਨ। ਹੁਕਮ ਵਿਚ ਰਹਿਣ ਕਾਰਣ ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਦੇਸ ਜਾਣ ਪਿਛੋਂ ਸੰਗਤ ਦੀ ਬਾਂਹ ਉਹਨਾਂ ਨੂੰ ਫੜਾਈ।

**-ਮਾਸਟਰ ਨਿਹਾਲ ਸਿੰਘ**

-------------------

## ੳ, ਊੜਾ - ਉਠ ਸਵੇਰੇ ਜਾਗ.......

ੳ, ਊੜਾ - ਉਠ ਸਵੇਰੇ ਜਾਗ
ਅ, ਐੜਾ - ਆਲਸ ਨੀਂਦ ਤਿਆਗ
ੲ, ਈੜੀ - ਕਰ ਇਸ਼ਨਾਨ ਪਿਆਰੇ
ਸ, ਸੱਸਾ - ਸਾਫ ਦੰਦ ਕਰ ਸਾਰੇ
ਹ, ਹਾਹਾ -ਹੱਥ 'ਚ ਗੁਟਕਾ ਲੈ ਕੇ
ਕ, ਕੱਕਾ - ਕਰ ਲੈ ਪਾਠ ਤੂੰ ਬਹਿ ਕੇ
ਖ, ਖੱਖਾ -ਖੁਸ਼ੀ ਖੁਸ਼ੀ ਪੜ੍ਹ ਬਾਣੀ
ਗ, ਗੱਗਾ - ਗਿਆਨਵਾਨ ਹੋ ਪ੍ਰਾਣੀ
ਘ, ਘੱਗਾ -ਘਰ ਵਿੱਚ ਹੀ ਨਾ ਬਹਿ ਜੀਂ
ਙ, ਙੱਙਾ - ਙੰਙੇ ਵਾਂਗ ਨਾ ਖਾਲੀ ਰਹਿ ਜੀਂ
ਚ, ਚੱਚਾ - ਚੱਲ ਤੂੰ ਗੁਰੂ ਦੁਆਰੇ
ਛ, ਛੱਛਾ - ਛੱਡ ਤੂੰ ਅਉਗਣ ਸਾਰੇ
ਜ, ਜੱਜਾ - ਜਗਤ ਗੁਰੂ ਨੂੰ ਵੇਖ
ਝ, ਝੱਝਾ - ਝੁਕ ਕੇ ਮੱਥਾ ਟੇਕ
ਞ, ਞੰਞਾ - ਞਾਣੀ ਞਾਣ ਪਿਆਰਾ
ਟ, ਟੈਂਕਾ - ਟੁੱਟੀ ਗੰਢਣ ਹਾਰਾ
ਠ, ਠੱਠਾ - ਠੋਕਰ ਨਾ ਤੂੰ ਖਾਵੀਂ
ਡ, ਡੱਡਾ -ਡੋਲ ਨਾ ਕਿਧਰੇ ਜਾਵੀਂ
ਢ,ਢੱਢਾ - ਢਕੇ ਪੜਦੇ ਤੇਰੇ
ਣ, ਣਾਣਾ - ਜਾਣੀ ਚਾਰ ਚੁਫੇਰੇ
ਤ, ਤੱਤਾ - ਤਿਆਗ ਤੂੰ ਮੇਰੀ ਮੇਰੀ
ਥ, ਥੱਥਾ - ਥੋੜੀ ਜਿੰਦਗੀ ਤੇਰੀ
ਦ, ਦੱਦਾ - ਦਿਲ ਨਾ ਕੋਈ ਦੁਖਾਵੀਂ
ਧ, ਧੱਧਾ - ਧਿਆਨ ਨਾਮ ਵਿੱਚ ਲਾਵੀਂ
ਨ, ਨੱਨਾ- ਨਿੰਦਿਆ ਚੁਗਲੀ ਛੱਡ ਦੇ
ਪ,ਪੱਪਾ - ਪਾਪ ਦਿਲੋਂ ਤੂੰ ਕੱਢਦੇ
ਫ, ਫੱਫਾ -ਫੇਰ ਨੀਂ ਏਥੇ ਆਉਣਾ
ਬ, ਬੱਬਾ -ਬਾਅਦ ਚ ਪਊ ਪਛਤਾਉਣਾ
ਭ, ਭੱਭਾ - ਭਲਾ ਤੂੰ ਸਭ ਦਾ ਲੋੜੀਂ
ਮ, ਮੱਮਾ - ਮਾੜਾ ਕਦੇ ਨਾ ਸੋਚੀਂ
ਯ, ਯੱਯਾ -ਯਾਦ ਮੌਤ ਨੂੰ ਰੱਖੀਂ
ਰ, ਰਾਰਾ - ਰੱਬ ਵਸਾ ਲੈ ਅੱਖੀਂ
ਲ, ਲੱਲਾ - ਲੱਗ ਜਾ ਗੁਰਾਂ ਦੇ ਲੜ ਤੂੰ
ਵ, ਵੱਵਾ - ਵਿਦਿਆ ਰੱਜ ਕੇ ਪੜ੍ਹ ਤੂੰ
ੜ, ੜਾੜਾ - ੜਾੜ ਨਾ ਰੱਖੀਂ ਕੋਈ
ਸਭ ਦੇ ਅੰਦਰ ਸੱਚਾ ਸੋਈ॥

# ਖ਼ਬਰਨਾਮਾ

## ਬੁੱਢੇ ਦਰਿਆ (ਨਾਲਾ) ਦੀ ਸਫਾਈ ਲਈ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਸਰਪ੍ਰਸਤੀ ਹੇਠ ਬਣਾਈ ਜਾਵੇਗੀ ਵਿਸੇਸ਼ ਟਾਸਕ ਫੋਰਸ

**15 ਅਕਤੂਬਰ 2018 ਲੁਧਿਆਣਾ,**

ਲੁਧਿਆਣਾ ਸ਼ਹਿਰ ਅਤੇ ਰਾਜਸਥਾਨ (ਗੰਗਾ ਨਗਰ ਆਦਿਕ ਜਿਹੜੇ ਖੇਤਰ ਵਿਚ ਪੀਣ ਲਈ ਸਤਿਲੁਜ ਦਰਿਆ ਦਾ ਪਾਣੀ ਸਪਲਾਈ ਹੁੰਦਾ ਹੈ) ਲਈ ਲੰਮੇ ਸਮੇਂ ਤੋਂ ਮੁਸੀਬਤ ਬਣੇ ਬੁੱਢੇ ਦਰਿਆ ਦੀ ਸਫਾਈ ਲਈ ਸ੍ਰੀ ਸਤਿਗੁਰੂ ਜੀ ਨੇ ਲਗਾਤਾਰ ਯਤਨ ਜਾਰੀ ਰੱਖੇ ਹੋਏ ਹਨ। ਜਿਨ੍ਹਾਂ ਤਹਿਤ ਅੱਜ ਪੰਜਾਬ ਸਰਕਾਰ ਦੇ ਉੱਚ ਪੱਧਰੀ ਵਫਦ ਨਾਲ ਮੀਟਿੰਗ ਵੀ ਕੀਤੀ ਗਈ। ਮੀਟਿੰਗ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਸਤਿਗੁਰੂ ਜੀ ਨੂੰ ਬੁੱਢੇ ਦਰਿਆ ਦੀ ਸਫਾਈ ਲਈ ਵਿਸ਼ੇਸ਼ ਟਾਸਕ ਫੋਰਸ ਬਣਾਉਣ ਦਾ ਵਿਸ਼ਵਾਸ ਦੁਆਇਆ।

ਮੁੱਖ ਮੰਤਰੀ ਦੇ ਬੇਨਤੀ ਕਰਨ ਤੇ ਸਤਿਗੁਰੂ ਜੀ ਨੇ ਟਾਸਕ ਫੋਰਸ ਦੀ ਸਰਪ੍ਰਸਤੀ ਵੀ ਕਬੂਲ ਕਰ ਲਈ। ਮੁੱਖ ਮੰਤਰੀ ਨੇ ਮੁੱਖ ਸਕੱਤਰ ਨੂੰ ਹਦਾਇਤ ਦਿੱਤੀ ਹੈ ਕਿ ਟਾਸਕ ਫੋਰਸ ਵਿਚ ਚੁਣੇ ਹੋਏ ਨੁਮਾਇੰਦਿਆਂ, ਤਕਨੀਕੀ ਮਾਹਿਰਾਂ, ਅਤੇ ਜਨਤਕ ਸਖਸ਼ੀਅਤਾਂ ਨੂੰ ਸ਼ਾਮਲ ਕੀਤਾ ਜਾਵੇ।

ਇਹ ਟਾਸਕ ਫੋਰਸ ਦੋ ਮਹੀਨਿਆਂ ਦੇ ਅੰਦਰ ਅੰਦਰ ਬੁੱਢੇ ਦਰਿਆ ਦੀ ਸਫਾਈ ਲਈ ਲੋੜੀਂਦੇ ਕਦਮਾਂ ਬਾਰੇ ਰੂਪ ਰੇਖਾ ਤਿਆਰ ਕਰੇਗੀ। ਇਸ ਮੌਕੇ ਸਥਾਨਕ ਸਰਕਾਰਾਂ ਅਤੇ ਉਦਯੋਗਿਕ ਵਿਭਾਗਾਂ ਨੂੰ ਵੀ ਦਰਿਆ ਚੋਂ ਜ਼ਹਰੀਲੇ ਤੱਤਾਂ ਦੇ ਖਾਤਮੇਂ ਬਾਰੇ ਚੱਲ ਰਹੇ ਕਾਰਜਾਂ ਨੂੰ ਮੁਕੰਮਲ ਕਰਨ ਵਿਚ ਤੇਜੀ ਲਿਆਉਣ ਲਈ ਆਖਿਆ ਗਿਆ। ਜਲ ਸ੍ਰੋਤ ਵਿਭਾਗ ਨੂੰ ਵੀ ਬੁੱਢੇ ਦਰਿਆ ਚੈਨਲਿੰਗ ਅਤੇ ਸੁੰਦਰੀਕਰਣ ਬਾਰੇ ਯੋਜਨਾ ਬਨਾਉਣ ਲਈ ਕਿਹਾ ਗਿਆ। ਇਸ ਮੌਕੇ ਸ੍ਰੀ ਸਤਿਗੁਰੂ ਜੀ ਅਤੇ ਪੰਜਾਬ ਦੇ ਮੁੱਖ ਮੰਤਰੀ ਤੋ ਇਲਾਵਾ ਵਾਤਾਵਰਣ ਮੰਤਰੀ ਓ. ਪੀ. ਸੋਨੀ, ਮਾਲ ਮੰਤਰੀ ਸੁਖਵਿੰਦਰ ਸਿੰਘ ਸਰਕਾਰੀਆ, ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ, ਲੁਧਿਆਣਾ ਤੋਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ, ਵਿਧਾਇਕ ਨਵਤੇਜ ਸਿੰਘ ਚੀਮਾ, ਹਰਵਿੰਦਰ ਸਿੰਘ ਹੰਸਪਾਲ, ਜਸਵੰਤ ਸਿੰਘ ਜ਼ਫ਼ਰ, ਸੇਵਕ ਕਰਤਾਰ ਸਿੰਘ,ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਤੇਜਵੀਰ ਸਿੰਘ, ਅਤੇ ਲੁਧਿਆਣਾ ਦੇ ਡਿਪਟੀ ਕਮੀਸ਼ਨਰ ਪ੍ਰਦੀਪ ਅਗਰਵਾਲ ਆਦਿ ਹਾਜ਼ਰ ਸਨ।

---------------------------------

## ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ ਡਾ.ਹਰਮਿੰਦਰ ਸਿੰਘ ਬੇਦੀ (ਚਾਂਸਰਲ ਸੈਂਟਰਲ ਯੂਨੀਵਰਸਿਟੀ

ਪੰਜਾਬੀ ਅਤੇ ਹਿੰਦੀ ਦੇ ਸਾਹਿਤਕ ਖੇਤਰ ਵਿੱਚ ਜਾਣੀ ਪਹਿਚਾਣੀ ਮਾਣਯੋਗ ਸਖਸ਼ੀਅਤ ਡਾ.ਹਰਮਿੰਦਰ ਸਿੰਘ ਬੇਦੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਹਿੰਦੀ ਵਿਭਾਗ ਦੇ ਰਹਿ ਚੁੱਕੇ ਮੁਖੀ ਅਤੇ ਗੁਰੂ ਰਾਮ ਸਿੰਘ ਚੇਅਰ ਦੇ ਹੈੱਡ ਰਹਿ ਚੁੱਕੇ ਹਨ। ਜੂਨ-ਜੁਲਾਈ 2018 ਨੂੰ ਧਰਮਸ਼ਾਲਾ ਸਥਿਤ ਸੈਂਟਰਲ ਯੂਨੀਵਰਸਿਟੀ ਹਿਮਾਚਲ ਦੇ ਚਾਂਸਲਰ ਨਿਯੁਕਤ ਹੋਏ ਹਨ। ਇਹ ਨਿਯੁਕਤੀ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਵੱਲੋਂ ਪੰਜ ਸਾਲਾ ਲਈ ਕੀਤੀ ਗਈ। ਬੇਦੀ ਸਾਹਿਬ ਦਾ ਹਿੰਦੀ ਸਾਹਿਤ ਜਗਤ ਵਿੱਚ ਵਿਲੱਖਣ ਸਥਾਨ ਹੈ। ਆਪ ਦੇ ਵੱਖ-ਵੱਖ ਜਨਰਲਾਂ ਵਿੱਚ ਦੋ ਸੌ ਤੋਂ ਵੱਧ ਖੋਜ ਪੱਤਰ ਛਪ ਚੁੱਕੇ ਹਨ। 16 ਖੋਜ ਪੱਤਰ ਵਿਦੇਸ਼ੀ ਜਨਰਲਾਂ ਵਿੱਚ ਪ੍ਰਕਾਸ਼ਿਤ ਹੋ ਚੁੱਕੇ ਹਨ। ਆਪ ਇੰਡੀਅਨ ਕੌਂਸਲ ਆਫ਼ ਸੋਸ਼ਲ ਸਾਇੰਸ ਰਿਸਰਚ ਅਤੇ ਨੈਸ਼ਨਲ ਮੋਨੀਟਰਿੰਗ ਕਮੇਟੀ ਵਾਰ ਮਿਨੌਰਟੀਜ਼ ਐਜੂਕੇਸ਼ਨ ਰਾਸ਼ਟਰਪਤੀ ਪ੍ਰਣਬ ਮੁਖਰਜੀ ਵੱਲੋਂ ਆਪ ਨੂੰ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਪੰਜਾਬ ਅਤੇ ਉੱਤਰ ਪ੍ਰਦੇਸ਼ ਦਰਕਾਰ ਵੱਲੋਂ ਵੀ ਆਪ ਸਨਮਾਨਿਤ ਕੀਤੇ ਜਾ ਚੁੱਕੇ ਹਨ। ਪੰਜਾਬੀ ਵਿੱਚ ਆਪ ਦੀਆਂ

ਤਿੰਨ ਪੁਸਤਕਾਂ ਹਨ।

1 ਅਕਤੂਬਰ 2018 ਅੱਸੂ ਦੇ ਮੇਲੇ ਦੌਰਾਨ ਬੇਦੀ ਸਾਹਿਬ ਆਪਣੀ ਧਰਮ ਪਤਨੀ ਡਾ.ਗੁਰਨਾਮ ਕੌਰ ਸਾਹਿਤ ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ। ਆਪ ਦੀ ਸੁਪਤਨੀ ਡਾ.ਗੁਰਨਾਮ ਕੌਰ ਬੇਦੀ ਗੌਰਮਿੰਟ ਕਾਲਜ ਸ੍ਰੀ ਅੰਮ੍ਰਿਤਸਰ ਦੇ ਪ੍ਰਿੰਸੀਪਲ ਰਹਿ ਚੁੱਕੇ ਹਨ। ਸਾਹਿਤਕ ਖੇਤਰ ਵਿੱਚ ਵੀ ਆਪ ਦਾ ਉੱਘਾ ਯੋਗਦਾਨ ਹੈ। ਨਾਮਧਾਰੀ ਇਤਿਹਾਸ ਨਾਲ ਸੰਬੰਧਿਤ ਸੈਮੀਨਾਰਾਂ ਵਿੱਚ ਵੀ ਆਪ ਕਈ ਵੇਰ ਖੋਜ ਪੱਤਰ ਪੇਸ਼ ਕਰ ਚੁੱਕੇ ਹਨ।

ਸ੍ਰੀ ਸਤਿਗੁਰੂ ਜੀ ਨੇ ਬੇਦੀ ਸਾਹਿਬ ਨੂੰ ਅਦਬ ਸਹਿਤ ਕਿਹਾ ਕਿ ਤੁਸੀਂ ਤੇ ਸਾਹਿਬ ਗੁਰੂ ਨਾਨਕ ਦੇਵ ਜੀ ਦੀ ਕੁੱਲ ਵਿੱਚੋਂ ਹੋ, ਇਸ ਲਈ ਸਾਡੇ ਵਾਸਤੇ ਆਪ ਵਿਸੇਸ਼ ਸਤਿਕਾਰ ਦੇ ਪਾਤਰ ਹੋ। ਬੇਦੀ ਸਾਹਿਬ ਨੇ ਦੱਸਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੀ ਵੀ ਅਸਾਂ ਨੇੜ੍ਹਤਾ ਮਾਣੀ ਹੈ, ਆਪ ਜੀ ਬੜਾ ਪਿਆਰ ਬਖਸ਼ਦੇ ਸਨ ਲੇਖਕਾਂ ਨੂੰ। ਆਪ ਨੇ ਇਹ ਵੀ ਦੱਸਿਆ ਕਿ ਸੈਂਟਰਲ ਯੂਨੀਵਰਸਿਟੀ ਬਠਿੰਡਾ (ਪੰਜਾਬ) ਵਿੱਚ ਗੁਰੂ ਰਾਮ ਸਿੰਘ ਚੇਅਰ ਤੇ ਡਾ.ਕੁਲਦੀਪ ਸਿੰਘ ਦੀ ਨਿਯੁਕਤੀ ਵੀ ਮੇਰੇ ਰਾਹੀਂ ਹੀ ਹੋਈ ਹੈ।

ਡਾ.ਕੁਲਦੀਪ ਸਿੰਘ ਬੜਾ ਯੋਗ ਅਤੇ ਮੇਹਨਤੀ ਹੈ, ਮੇਰਾ ਸਹਿਯੋਗ ਵੀ ਉਸ ਨਾਲ ਹੋਵੇਗਾ, ਕੁਝ ਤੱਥ ਭਰਪੂਰ ਖੋਜ ਕਾਰਜ ਹੋ ਸਕੇਗਾ। ਨਾਮਧਾਰੀ ਇਤਿਹਾਸ ਨਾਲ ਸੰਬੰਧਿਤ ਚਰਚਾ ਹੁੰਦਿਆਂ ਬੇਦੀ ਸਾਹਿਬ ਨੇ ਦੱਸਿਆ ਕਿ ਬੰਗਾਲੀ ਅਤੇ ਮਰਾਠੀ ਨਾਵਲਾਂ ਵਿੱਚ ਅਤੇ ਇਤਿਹਾਸ ਦੀਆਂ ਪੁਸਤਕਾਂ ਵਿੱਚ ਵੀ ਕੂਕਾ ਅੰਦੋਲਨ ਦਾ ਅਤੇ ਸਤਿਗੁਰੂ ਰਾਮ ਸਿੰਘ ਜੀ ਦਾ ਜਿਕਰ ਵੀ ਕਈ ਜਗ੍ਹਾ ਮਿਲਦਾ ਹੈ।

**–ਸੇਵਕ ਹਰਪਾਲ ਸਿੰਘ**

----------------------------

# ਸਰਬਸ਼ਕਤੀਮਾਨ ਜੀ ਨੂੰ ਸ਼ਹੀਦ ਲਹਿਣਾ ਸਿੰਘ ਯਾਦਗਾਰੀ ਸਨਮਾਨ

**15 ਅਕਤੂਬਰ 2018 ਅੱਸੂ ਦਾ ਮੇਲਾ ਸ੍ਰੀ ਭੈਣੀ ਸਾਹਿਬ–**

ਅੰਮ੍ਰਿਤਸਰ ਦੇ ਸ਼ਹੀਦੀ ਸਾਕੇ ਦੇ ਪੰਜ ਸ਼ਹੀਦਾਂ 'ਚੋਂ 'ਸ਼ਹੀਦ ਲਹਿਣਾ ਸਿੰਘ ਜੀ ਪੰਨਵ ਦੀ ਅੰਸ ਬੰਸ ਵੱਲੋਂ ਪਿੱਛਲੇ ਕਈ ਵਰ੍ਹਿਆਂ ਤੋਂ "ਸ਼ਹੀਦ ਲਹਿਣਾ ਸਿੰਘ ਯਾਦਗਾਰੀ ਸਨਮਾਨ" ਕਿਸੇ ਵਿਸੇਸ਼ ਹਸਤੀ ਨੂੰ ਦਿੱਤਾ ਜਾਂਦਾ ਹੈ। ਇਹ ਸਨਮਾਨ ਅੱਸੂ ਦੇ ਮੇਲੇ ਜਾਂ ਹੋਲੇ ਮਹੱਲੇ ਦੇ ਸਮਾਗਮਾਂ ਦੌਰਾਨ ਸ੍ਰੀ ਸਤਿਗੁਰੂ ਜੀ ਦੁਆਰਾ ਬਖਸ਼ਿਸ਼ ਕੀਤਾ ਜਾਂਦਾ ਹੈ। ਸਨਮਾਨ ਚਿੰਨ੍ਹ, ਸਿਰੋਪਾਓ ਅਤੇ ਨਗਦ ਰਾਸ਼ੀ ਦੀ ਸੇਵਾ ਸ਼ਹੀਦ ਪਰਿਵਾਰ ਵੱਲੋਂ ਕੀਤੀ ਜਾਂਦੀ ਹੈ।

ਇਸ ਵਰ੍ਹੇ ਦੇ ਸਨਮਾਨ ਵਾਸਤੇ ਸੰਤ ਸੁਲੱਖਣ ਸਿੰਘ ਪੰਨਵ 'ਠੇਕੇਦਾਰ' ਵੱਲੋਂ ਅਰਜ਼ ਕਰਨ ਤੇ ਸ੍ਰੀ ਸਰਬ ਸ਼ਕਤੀਮਾਨ ਜੀ ਵਾਸਤੇ ਪ੍ਰਵਾਨਗੀ ਹੋਈ।

ਸ੍ਰੀ ਸਰਬ ਸ਼ਕਤੀਮਾਨ ਜੀ ਟਕਸਾਲੀ ਨਾਮਧਾਰੀ ਅਤੇ ਖਾਨਦਾਨੀ ਸਾਹਿਤਕ ਖਾਨਦਾਨ 'ਚੋਂ ਹਨ। ਆਪਦੇ ਪਿਤਾ ਸ੍ਰ. ਮੰਗਲ ਸਿੰਘ ਜੀ ਲਾਇਲਪੁਰੀ ਅਤੇ ਸ੍ਰੀ ਅਮਰ ਭਾਰਤੀ ਜੀ ਦਾ ਸਾਹਿਤਕ ਯੋਗਦਾਨ ਕਿਸੇ ਜਾਣ ਪਹਿਚਾਣ ਦਾ ਮੁਥਾਜ਼ ਨਹੀਂ। ਰੋਜ਼ਾਨਾ 'ਨਵਾਂ ਹਿੰਦੁਸਤਾਨ' ਤੋਂ ਮਾਸਿਕ 'ਵਰਤਮਾਨ ਹਿੰਦੁਸਤਾਨ' ਤੱਕ ਦਾ ਸਫ਼ਰ ਸਰਬ ਸ਼ਕਤੀਮਾਨ ਜੀ ਦਾ ਅਤੀਤ ਅਤੇ ਵਰਤਮਾਨ ਹੈ। ਪਤਰਕਾਰੀ ਪਿੜ੍ਹ ਵਿੱਚ 'ਵਰਿਆਮ ਇਕੇਲਾ' ਵਾਂਗ 'ਵਰਤਮਾਨ ਹਿੰਦੁਸਤਾਨ' ਵੀ ਇਕੱਲਾ ਹੀ ਝੰਡੇ ਗੱਡੀ ਬੈਠਾ ਹੈ। ਨਾਮਧਾਰੀ ਪੰਥ ਦੀ ਸੂਝਵਾਨ ਅਤੇ ਸੁਹਿਰਦ ਸਾਹਿਤਕ ਸਖਸ਼ੀਅਤ ਸ੍ਰੀ ਸਰਬ ਸ਼ਕਤੀਮਾਨ ਜੀ ਨੂੰ ਸ਼ਹੀਦ ਪੰਨਵ ਪਰਿਵਾਰ ਵੱਲੋਂ ਸ੍ਰੀ ਸਤਿਗੁਰੂ ਜੀ ਨੇ ਸਨਮਾਨ ਦੇ ਕੇ ਨਿਵਾਜਿਆ। ਜਿੱਥੇ ਸਰਬ ਸ਼ਕਤੀਮਾਨ ਜੀ ਵਧਾਈ ਦੇ ਪਾਤਰ ਹਨ, ਉੱਥੇ ਸ਼ਹੀਦ ਲਹਿਣਾ ਸਿੰਘ ਜੀ ਦੀ ਅੰਸ ਬੰਸ ਪੰਨਵ ਪਰਿਵਾਰ ਧੰਨਵਾਦ ਦੇ ਹੱਕਦਾਰ ਹਨ।

**–ਸੇਵਕ ਹਰਪਾਲ ਸਿੰਘ**

# ਜਪ ਪ੍ਰਯੋਗ ਇਲਾਕਾ ਮਾਲਵਾ

ਹਾਜਰਾ ਹਜ਼ੂਰ ਸਤਿਗੁਰੂ ਉਦੇ ਸਿੰਘ ਜੀ ਦੀ ਬਖਸ਼ਿਸ਼ ਨਾਲ, ਜਦੋਂ ਮੈਂ ਮਾਲਵੇ ਇਲਾਕੇ ਦੀ ਰੀਪੋਰਟ ਲੈਣ ਲਈ ਵੱਖ ਵੱਖ ਥਾਵਾਂ ਤੇ ਫੋਨ ਕੀਤੇ ਦਿਲ ਬਾਗੋ ਬਾਗ ਹੋ ਗਿਆ। ਲਗਪਗ ਸਮੁੱਚੇ ਮਾਲਵੇ ਵਿਚ ਨਾਮਧਾਰੀ ਸਾਧ ਸੰਗਤ ਨੇ ਬਹੁਤ ਉਤਸ਼ਾਹ ਨਾਲ ਜਪ ਪ੍ਰਯੋਗ ਪ੍ਰਾਰੰਭ ਕੀਤੇ ਹੋਏ ਸਨ। ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ-

**ਹਿੰਮਤਪੁਰਾ (ਜਿਲ੍ਹਾ ਮੋਗਾ)**-(ਭੈਣੀ ਸਾਹਿਬ ਦੀ ਅਰਦਾਸ ਨਾਲ ਸ਼ੁਰੂਆਤ ਅਤੇ ਸਮਾਪਤੀ)

ਸਥਾਨ- ਡੇਰਾ ਸੰਤ ਕਰਮ ਸਿੰਘ ਜੀ

ਸਮਾਂ- 4 ਵਜੇ ਤੋਂ 6 ਵਜੇ ਤੱਕ

ਗਿਣਤੀ- 250 ਤੋਂ 300 ਤੱਕ

ਸਾਰਾ ਪ੍ਰਬੰਧ ਸੰਤ ਜਸਵੰਤ ਸਿੰਘ ਜੀ ਹਿੰਮਤਪੁਰੇ ਵਾਲਿਆਂ ਦੀ ਅਗਵਾਈ ਵਿੱਚ ਹੁੰਦਾ ਰਿਹਾ।

**ਸ਼ਹੀਦੀ ਸਮਾਰਕ**

ਸਮਾਂ- 3.30 ਵਜੇ ਤੋਂ 5.30 ਤੱਕ

ਗਿਣਤੀ- 80 ਤੋਂ 100 ਐਤਵਾਰ 120 ਤੋਂ 150 ਤੱਕ

ਸ਼ਹੀਦੀ ਸਮਾਰਕ ਵਿਚ ਚੱਲ ਰਹੇ ਜਪ ਪ੍ਰਯੋਗ ਵਿਚ ਐਤਵਾਰ ਅਤੇ ਵੀਰਵਾਰ ਨੂੰ ਗੁਰਭਗਤ ਸਿੰਘ ਦੇ ਜਥੇ ਅਤੇ ਰਾਮਪੁਰਾ ਫੂਲ ਦੇ ਨੌਜੁਆਨਾਂ ਵੱਲੋਂ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਰਿਹਾ। ਕੁਝ ਦਿਨ ਸੰਤ ਸੰਦੀਪ ਸਿੰਘ ਜੀ ਦਾ ਦੀਵਾਨ ਵੀ ਲੱਗਿਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਪਵਿੱਤਰ ਉਪਦੇਸ਼ ਵੀ ਟੀ. ਵੀ. ਸਕਰੀਨ ਤੇ ਲਗਾਏ ਜਾਂਦੇ। ਸਾਧ ਸੰਗਤ ਨੂੰ ਨਾਮਧਾਰੀ ਡਾਕੂਮੈਂਟਰੀਆਂ ਵੀ ਵਿਖਾਈਆਂ ਗਈਆਂ। ਜਪ ਪ੍ਰਯੋਗ ਵਿਚ ਗੈਰ ਨਾਮਧਾਰੀ ਪਰਿਵਾਰ ਵੀ ਸ਼ਾਮਿਲ ਹੁੰਦੇ ਰਹੇ। 7 ਅਕਤੂਬਰ ਨੂੰ ਜਪੁ ਪ੍ਰਯੋਗ ਦੀ ਸਮਾਪਤੀ ਵਾਲੇ ਦਿਨ ਭਾਰੀ ਮੇਲਾ ਹੋਇਆ। ਦੂਰੋਂ ਨੇੜਿਓਂ ਪਿੰਡਾਂ ਵਿਚੋਂ ਵੱਡੀ ਗਿਣਤੀ ਵਿਚ ਸਾਧ ਸੰਗਤ ਨੇ ਦਰਸ਼ਨ ਦਿੱਤੇ। ਆਸਾ ਦੀ ਵਾਰ ਦੇ ਕੀਰਤਨ ਤੋਂ ਬਾਅਦ ਸੰਤ ਗੁਰਭਗਤ ਸਿੰਘ ਅਤੇ ਬੀਬੀ ਜਸਵੀਰ ਕੌਰ ( ਦੋਵੇਂ ਮਿਊਜ਼ਕ ਅਧਿਆਪਕ) ਵੱਲੋਂ ਨਵੇਂ ਤਿਆਰ ਕੀਤੇ ਜਾ ਰਹੇ ਨਿੱਕੇ ਨਿੱਕੇ ਬੱਚਿਆਂ ਵੱਲੋਂ ਸ਼ਬਦ ਗਾਇਣ ਕੀਤਾ ਗਿਆ। ਸਿਮਰਨ ਕੌਰ ਅਤੇ ਲਵਪ੍ਰੀਤ ਨੇ ਵੀ ਸ਼ਬਦ ਗਾਇਣ ਕੀਤਾ। ਸੰਤ ਹਰਦੇਵ ਸਿੰਘ ਅਤੇ ਬੇਟੀ ਪੁਸ਼ਪਿੰਦਰ ਕੌਰ ਨੇ ਵੀ ਨਾਮਧਾਰੀ ਰਹਿਤ ਮਰਿਯਾਦਾ ਅਤੇ ਨਾਮ ਸਿਮਰਨ ਦੀ ਮਹੱਤਤਾ ਬਾਰੇ ਸੰਬੋਧਨ ਕੀਤਾ। ਜਪ ਪ੍ਰਯੋਗ ਦੀ ਸਮੁੱਚੀ ਅਗਵਾਈ ਸੰਤ ਗੁਰਮੇਲ ਸਿੰਘ ਕਰਦੇ ਰਹੇ। ਆਖਰੀ ਦਿਨ ਕੁਝ ਪਰਿਵਾਰਾਂ ਨੇ ਭਜਨ ਪੁਛਿਆ। ਇਸ ਸਮੇਂ ਬੀਬੀ ਜਸਵਿੰਦਰ ਕੌਰ, ਬੀਬੀ ਰਾਜਵੰਤ ਕੌਰ, ਬੀਬੀ ਜਗਮੀਤ ਕੌਰ, ਬੀਬੀ ਅਮਰਜੀਤ ਕੌਰ ਦਾ ਸਨਮਾਨ ਵੀ ਕੀਤਾ ਗਿਆ।

**ਪਿੰਡ ਸੈਦੋਕੇ (ਜਿਲ੍ਹਾ ਮੋਗਾ)** (ਭੈਣੀ ਸਾਹਿਬ ਦੀ ਅਰਦਾਸ ਨਾਲ ਸ਼ੁਰੂਆਤ ਅਤੇ ਸਮਾਪਤੀ)

ਸਥਾਨ- ਸੂਬਾ ਮਾਨ ਸਿੰਘ ਯਾਦਗਾਰੀ ਸਥਾਨ

ਸਮਾਂ- 4:30 ਵਜੇ ਤੋਂ 6 ਵਜੇ ਤੱਕ

ਗਿਣਤੀ- 80 ਤੋਂ 100

**ਪਿੰਡ ਰਾਇਸਰ (ਜਿਲ੍ਹਾ ਬਰਨਾਲਾ)**

ਸਥਾਨ- ਪਿੰਡ ਦਾ ਗੁਰਦੁਆਰਾ ਸਾਹਿਬ

ਸਮਾਂ- 3.00 ਤੋਂ 5.30 ਵਜੇ ਤੱਕ

ਗਿਣਤੀ- 100 ਤੋਂ 120

ਸਮਾਪਤੀ ਦੀ ਅਰਦਾਸ ਸੂਬਾ ਗੁਰਮੇਲ ਸਿੰਘ ਹਰ ਰੋਜ਼ ਹਿੰਮਤਪੁਰੇ ਤੋਂ ਜਾ ਕੇ ਕਰਦੇ ਰਹੇ।

**ਬਰਨਾਲਾ ਸ਼ਹਿਰ**

(9 ਸਤੰਬਰ ਤੋਂ 7 ਅਕਤੂਬਰ)

ਸਥਾਨ- ਤਿੰਨ ਦਿਨ ਇਕ ਘਰ ਵਿਚ ਫਿਰ ਅਗਲੇ ਤਿੰਨ ਦਿਨ ਹੋਰ ਘਰ ਸਮੂਹਿਕ ਤੌਰ ਤੇ।

ਸਮਾਂ- 5 ਵਜੇ ਤੋਂ 6 ਵਜੇ ਤੱਕ

ਗਿਣਤੀ- 30 ਤੋਂ 40

**ਮਾਨਸਾ**

(2 ਸਤੰਬਰ ਤੋਂ 7 ਅਕਤੂਰ)

ਸਥਾਨ- ਮਾਨਸਾ, ਗੁਰਥੜੀ, ਕੋਟ ਲੱਲੂ ਦੀ ਸਾਧ ਸੰਗਤ ਵੱਲੋਂ ਆਪੋ ਆਪਣੇ ਪਿੰਡਾਂ ਵਿਚ ਇੱਕ ਘਰ ਇਕੱਤਰ ਹੋ ਕੇ ਸਮੂਹਿਕ ਰੂਪ ਵਿਚ ਅਤੇ ਹਰ ਐਤਵਾਰ ਮਾਨਸਾ ਵਿਖੇ ਜਪ ਪ੍ਰਯੋਗ ਕੀਤਾ ਜਾਂਦਾ ਰਿਹਾ।

ਸਮਾਂ- 4 ਵਜੇ ਤੋਂ 6 ਵਜੇ ਤੱਕ

ਗਿਣਤੀ- 40 ਤੋਂ 60 ਵਿਚਕਾਰ

**ਮਲੋਟ**-(ਸਮਾਪਤੀ ਅਤੇ ਸ਼ੁਰੂਆਤ ਭੈਣੀ ਸਾਹਿਬ ਨਾਲ)

ਸਥਾਨ- ਅਬੁਲ ਖੁਰਾਣਾ, ਢਾਣੀ ਘੁਮਿਆਰਾਂ, ਮਲੋਟ, ਖੇੜਾ, ਦੂਏ ਵਾਲੇ ਦੇ ਪ੍ਰਮੁਖ ਪ੍ਰਬੰਧਕਾਂ ਵੱਲੋਂ ਇੱਕ ਪਿੰਡ ਵਿਚ ਵਾਰੋ ਵਾਰੀ ਸਮੂਹਿਕ ਤੌਰ ਤੇ ਇਕੱਤਰ ਹੋ ਕੇ।

ਸਮਾਂ- ਦੁਪਿਹਰ 12 ਤੋਂ 1 ਵਜੇ ਤੱਕ

ਗਿਣਤੀ- 17 ਤੋਂ 20

ਅਗਵਾਈ- ਸੂਬਾ ਸਰਬਜੀਤ ਸਿੰਘ ਮਲੋਟ

**ਫਾਜ਼ਿਲਕਾ**

ਸਥਾਨ- ਸਮੂਹਿਕ ਤੌਰ ਤੇ ਘਰਾਂ ਵਿਚ

ਸਮਾਂ- 5 ਵਜੇ ਤੋਂ 6 ਵਜੇ ਤੱਕ

ਗਿਣਤੀ- 17 ਤੋਂ 20

**ਪਿੰਡ ਗੁਰੂਸਰ (ਗੱਦਾਂਡੋਬ) ਜਿਲ੍ਹਾ ਫਾਜ਼ਿਲਕਾ**

(4 ਸਤੰਬਰ ਤੋਂ 4 ਅਕਤੂਬਰ)

ਸਥਾਨ- ਮਾਤਾ ਭੁਪਿੰਦਰ ਕੌਰ ਅਨੰਦ ਸਿਮ੍ਰਤੀ ਮੰਦਰ

ਸਮਾਂ- 4 ਵਜੇ ਤੋਂ 5.30 ਵਜੇ ਤੱਕ

ਗਿਣਤੀ- 40 ਤੋਂ 50 ਤੱਕ

4 ਅਕਤੂਬਰ ਨੂੰ ਜਪ ਪ੍ਰਯੋਗ ਦੀ ਸਮਾਪਤੀ ਸਮੇਂ ਪਾਠਾਂ ਦੇ ਭੋਗ ਪਾਏ ਗਏ। ਆਸੇ ਪਾਸੇ ਦੇ ਪਿੰਡਾਂ, ਸ਼ਹਿਰਾਂ ਅਤੇ ਗੁਰੂਸਰ ਦੀ ਸਾਧ ਸੰਗਤ ਨੇ ਸਮੂਲੀਅਤ ਕੀਤੀ। ਪਿੰਡ ਦੇ ਸਰਕਾਰੀ ਅਦਾਰੇ, ਸਕੂਲ ਸਟਾਫ ਅਤੇ ਸਕੂਲ ਦੇ ਸਮੁੱਚੇ ਬੱਚੇ ਸਮਾਪਤੀ ਦੌਰਾਨ ਨਤਮਸਤਕ ਹੋਏ। ਸੰਤ ਹਰਦੇਵ ਸਿੰਘ ਰਾਮਪੁਰਾ ਫੂਲ ਅਤੇ ਸੂਬਾ ਜੀ ਦੇ ਵੱਡੇ ਭਰਾ ਸੰਤ ਬਲਤੇਜ ਸਿੰਘ ਨੰਬਰਦਾਰ ਨੇ ਦੀਵਾਨ ਲਗਾਇਆ। ਗੁਰੂ ਕਾ ਲੰਗਰ ਅਤੁੱਟ ਵਰਤਿਆ। ਮਾਤਾ ਜੀ ਦੇ ਪਰਿਵਾਰ ਨੇ ਆਈ ਹੋਈ ਸੰਗਤ ਦੀ ਤਨੋ-ਮਨੋ ਸੇਵਾ ਕੀਤੀ।

ਇਸ ਤੋਂ ਇਲਾਵਾ ਮਾਲਵੇ ਦੇ ਪਿੰਡਾਂ ਸ਼ਹਿਰਾਂ ਵਿਚ ਸਾਧ ਸੰਗਤ ਨੇ ਆਪਣੇ- ਆਪਣੇ ਘਰਾਂ ਵਿਚ ਜਪ ਪ੍ਰਯੋਗ ਆਰੰਭ ਕੀਤੇ ਹੋਏ ਸਨ ਜਿਥੇ ਬੱਚਿਆਂ ਸਮੇਤ ਪੂਰਾ ਪਰਿਵਾਰ ਅੰਮ੍ਰਿਤ ਵੇਲੇ ਨਾਮ ਸਿਮਰਨ ਕਰਦਾ ਰਿਹਾ। ਭਾਈਪੁਰਾ, ਢਿਲਵਾਂ ਮੌੜ, ਭਗਤ, ਡੱਬਵਾਲੀ, ਗਰੂ ਕਾ ਕੋਠਾ, ਘਣੀਆਂ, ਭਦੌੜ, ਦੁੱਲੇਵਾਲਾ, ਸ਼ਹਿਣਾ ਅਲਕੜਾ, ਖੁੱਡੀ, ਮੌੜ, ਬੁਰਜ ਥਰੋੜ, ਬਠਿੰਡਾ ਸ਼ਹਿਰ ਵਿਚ ਸਾਧ ਸੰਗਤ ਜਪ ਪ੍ਰਯੋਗ ਦੌਰਾਨ ਨਾਮ ਸਿਮਰਨ ਕਰਦੀ ਰਹੀ ।

**-ਲਖਵੀਰ ਸਿੰਘ**

**ਰਾਮਪੁਰਾ ਫੂਲ (ਬਠਿੰਡਾ)**

---

# "ਫਗਵਾੜਾ ਵਿਖੇ ਸਾਲਾਨਾ ਜਪ ਪ੍ਰਯੋਗ ਆਰੰਭ" ਅਤੇ ਅਟੱਲ ਪ੍ਰਤਾਪੀ ਯਾਦ ਮੇਲਾ

ਅੱਜ ਮਿਤੀ 02-09-2018 ਦਿਨ ਐਤਵਾਰ ਨੂੰ ਨਾਮਧਾਰੀ ਧਰਮਸ਼ਾਲਾ ਫਗਵਾੜਾ ਵਿਖੇ ਸਾਲਾਨਾ ਜਪ ਪ੍ਰਯੋਗ ਦਾ ਸ਼ੁਭ ਆਰੰਭ ਅਤੇ ਪੰਜ ਭਾਦਰੋਂ ਦਾ ਦਿਨ ਬੜੀ ਸ਼ਰਧਾ ਨਾਲ ਮਨਾਇਆ ਗਿਆ। ਜਪ ਪ੍ਰਯੋਗ ਦਾ ਸਮਾਂ ਸਵੇਰੇ 3 ਵਜੇ ਤੋਂ 5 ਵਜੇ ਤੱਕ ਰੱਖਿਆ ਗਿਆ। ਫਗਵਾੜੇ ਦੀਆਂ ਬੀਬੀਆਂ ਦੇ ਜਥੇ ਨੇ ਸੰਤ ਜਸਪਾਲ ਸਿੰਘ ਤੇ ਬੀਬੀ ਬਲਵਿੰਦਰ ਕੌਰ ਦੀ ਅਗਵਾਈ ਵਿਚ ਵਾਰਾ ਲਗਾਇਆ। ਵਾਰੇ ਵਿਚ ਬੀਬੀ ਅਮਨਦੀਪ ਕੌਰ, ਇਕਵਿੰਦਰ ਕੌਰ, ਤਜਿੰਦਰ ਕੌਰ, ਤਰਸੇਮ ਕੌਰ, ਤਾਰਨ ਕੌਰ, ਬਿਸ਼ਨ ਕੌਰ, ਬਲਵੰਤ ਕੌਰ, ਸ਼ਰਨਜੀਤ ਕੌਰ, ਨਰਿੰਦਰ ਕੌਰ, ਵੀਰਪਾਲ ਕੌਰ, ਰਜਵਿੰਦਰ ਕੌਰ, ਗੰਗਾ ਸਿੰਘ ਪੁੱਤਰ ਗੁਰਮਿੰਦਰ ਸਿੰਘ (ਢੋਲਕੀ) ਗੰਗਾ ਸਿੰਘ ਪੁੱਤਰ ਗੁਰਚਰਨ ਸਿੰਘ(ਢੋਲਕੀ), ਤੇ ਗੁਰਮੀਤ ਸਿੰਘ ਆਦਿ ਨੇ ਭਾਗ ਲਿਆ। ਜਪ ਪ੍ਰਯੋਗ ਵਿਚ ਪਹਿਲੇ ਦਿਨ ਦੀ ਗਿਣਤੀ ਸੌ ਦੇ ਕਰੀਬ ਸੀ। ਅੱਜ ਹੀ ਸਵੇਰੇ 11 ਵਜੇ ਤੋਂ ਇਕ ਵਜੇ ਤੱਕ ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਪੰਜ ਭਾਦਰੋਂ ਦਾ ਦਿਨ ਸੰਤ ਪ੍ਰੀਤਮ ਸਿੰਘ ਵਾਰੇ ਵਾਲਿਆਂ ਦੇ ਸਮੂਹ ਪਰਿਵਾਰ ਵਲੋਂ ਸਾਧ ਸੰਗਤ ਦੇ ਸਹਿਯੋਗ ਨਾਲ ਮਨਾਇਆ ਗਿਆ। ਠੀਕ 11 ਵਜੇ ਸਭ ਤੋਂ ਪਹਿਲਾਂ ਕਾਕਾ ਗੁਰਮੀਤ ਸਿੰਘ ਨੇ ਤੇ ਫਿਰ ਜਥੇਦਾਰ ਗੁਰਬਚਨ ਸਿੰਘ ਜੀ ਵੀਰੋ ਕਿਆਂ ਵਾਲਿਆਂ ਨੇ ਦੀਵਾਨ ਸਜਾਇਆ। ਉਪਰੰਤ ਪਾਠਾਂ ਦੇ ਭੋਗ ਪਾਏ ਗਏ। ਇਕ ਪਾਠ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ, ਇਕ ਪਾਠ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਚੜ੍ਹਦੀ ਕਲਾ ਵਾਸਤੇ ਅਤੇ ਇਕ ਪਾਠ ਦਾ ਭੋਗ ਸੰਤ ਪ੍ਰੀਤਮ ਸਿੰਘ ਵਾਰੇ ਵਾਲੇ ਅਤੇ ਸੰਤ ਰਤਨ ਸਿੰਘ ਲਾਂਗਰੀ ਦੀ ਯਾਦ ਵਿਚ ਪਾਇਆ ਗਿਆ। ਅੱਜ ਦੇ ਇਸ ਮੇਲੇ ਵਿਚ ਫਗਵਾੜਾ ਤੇ ਆਸ ਪਾਸ ਦੇ ਪਿੰਡਾਂ ਤੋਂ ਪਹੁੰਚੀ ਸੰਗਤ ਤੋਂ ਇਲਾਵਾ ਸੂਬਾ ਜਸਬੀਰ ਸਿੰਘ ਪੱਦੀ ਖਾਲਸਾ, ਸੂਬਾ ਹਰਜੀਤ ਸਿੰਘ ਮੁਠੱਡਾ, ਗੁਰੂ ਨਾਨਕ ਬਿਰਧ ਆਸ਼ਰਮ ਬਿਰਕਾਂ (ਫਗਵਾੜਾ) ਤੋਂ ਸੰਤ ਦਿਆਲ ਸਿੰਘ, ਸੂਬਾ ਜੋਗਿੰਦਰ ਸਿੰਘ ਜਲੰਧਰ, ਸੰਤ ਸੁਰਿੰਦਰ ਸਿੰਘ ਸ਼ਿੰਦਾ ਅਤੇ ਸੰਤ ਜਤਿੰਦਰ ਸਿੰਘ ਚਿੰਕਾ, ਪ੍ਰਧਾਨ ਸਰਦਾਰਾ ਸਿੰਘ ਨਗਰ ਤੇ ਪ੍ਰਧਾਨ ਗੁਰਮੀਤ ਸਿੰਘ ਗੁਰਾਇਆ ਉਚੇਚੇ ਪਹੁੰਚੇ। ਦੁਪਹਿਰ ਡੇਢ ਵਜੇ ਤਕ ਮੇਲੇ ਦੀ ਸਮਾਪਤੀ ਹੋਈ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

**-ਬਲਦੇਵ ਸਿੰਘ ਨਾਮਧਾਰੀ**

**ਫਗਵਾੜਾ**

# ਪੂਰਨੁ ਸੋਈ ਸੰਤੁ॥
# ਗਿਆਨੀ ਸੰਤੋਖ ਸਿੰਘ ਜੀ ਗੰਭੀਰ
# (1917-2018)

ਪੰਚਮ ਪਾਤਸ਼ਾਹ ਸਾਹਿਬ ਗੁਰੂ ਅਰਜਨ ਦੇਵ ਜੀ ਸੰਤਾਂ ਦੀ ਸਿਫਤ ਲਿਖਦੇ ਹਨ-

ਜਿਨਾ ਸਾਸ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥

ਪ੍ਰਭੂ ਸੇ ਨਾਮ ਰੰਗ ਵਿਚ ਰੰਗੇ ਸਾਧੂਆਂ ਸੰਤਾਂ, ਭਗਤਾਂ ਦਾ ਜੀਵਨ ਦੁਨਿਆਂਦਾਰੀ ਦੇ ਮਨੁੱਖਾਂ ਨਾਲੋਂ ਬਿਲਕੁਲ ਵੱਖਰਾ ਹੁੰਦਾ ਹੈ। ਸਾਹਿਬ ਗੁਰੂ ਅਮਰਦਾਸ ਜੀ ਅਨੰਦ ਸਾਹਿਬ ਵਿਚ ਉਚਾਰਦੇ ਹਨ-

ਭਗਤਾ ਕੀ ਚਾਲ ਨਿਰਾਲੀ॥
ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥
ਗੁਰਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥
ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗ ਨਿਰਾਲੀ॥

ਗੁਰਮਤਿ-ਮਾਰਗ ਦੀ ਖੰਡੇ ਧਾਰ ਤੇ ਚੱਲਣ ਵਾਲੇ, ਘਰ ਪਰਿਵਾਰ ਵਿੱਚ, ਜਲ ਵਿਚ, ਕਮਲ ਦੀ ਤਰ੍ਹਾਂ ਅਭਿੱਜ ਅਤੇ ਨਿਰਲੇਪ ਰਹਿਣ ਵਾਲੇ, ਜਿਨ੍ਹਾਂ ਨੂੰ ਹਉਮੈ, ਲੋਭ, ਤ੍ਰਿਸ਼ਨਾ ਛੂਹ ਤੱਕ ਨਾ ਸਕੇ, ਕੇਵਲ ਗੁਰੂ ਕਿਰਪਾ ਦੇ ਆਸਰੇ, ਸਤਿਗੁਰੂ ਸੱਚੇਪਾਤਸ਼ਾਹ ਜੀ ਦੀ ਸਿਫਤਿ-ਸਲਾਹ ਨਾਲ ਸਰਸ਼ਾਰ, ਪੂਰਨ ਗੁਰ-ਸਿੱਖ ਸਨ-ਗਿਆਨੀ ਸੰਤੋਖ ਸਿੰਘ ਜੀ ਗੰਭੀਰ।

ਗਿਆਨੀ ਸੰਤੋਖ ਸਿੰਘ ਜੀ ਦਾ ਜਨਮ ਪਿਤਾ ਸੰਤ ਵਰਿਆਮ ਸਿੰਘ ਅਤੇ ਮਾਤਾ ਮਾਇਆ ਦੇਵੀ ਦੇ ਗ੍ਰਿਹ ਵਿਖੇ ਸ਼ੇਖੂਪੁਰਾ (ਪਾਕਿਸਤਾਨ) 1927 ਈ: ਨੂੰ ਹੋਇਆ। ਆਪ ਦੇ ਦਾਦਾ ਜਸਵੰਤ ਸਿੰਘ ਜੀ ਨਾਮਧਾਰੀ ਨਹੀਂ ਸਨ। ਪਿਤਾ ਸੰਤ ਵਰਿਆਮ ਸਿੰਘ ਜੀ ਅਤੇ ਇਹਨਾਂ ਦੇ ਇਕ ਮਿੱਤਰ ਸ੍ਰ. ਸ਼ਰਮ ਸਿੰਘ ਜੀ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵੇਲੇ ਨਾਮਧਾਰੀ ਬਣੇ, ਨਾਮ ਦੀ ਦਾਤ ਪ੍ਰਾਪਤ ਕਰਦਿਆਂ ਹੀ ਰੰਮਣ ਚੜ੍ਹ ਗਈ ਪੂਰੇ ਸਿਦਕੀ ਸਿੱਖ ਬਣ ਗਏ। ਦੇਸ਼ ਦੀ ਵੰਡ ਵੇਲੇ 1947 ਵਿਚ ਹੁਕਮ ਅਨੁਸਾਰ ਮੰਡੀ (ਹਿਮਾਚਲ) ਆ ਵੱਸੇ। 1950-51 ਵਿਚ ਪਿਤਾ ਨਾਲ ਥਾਈਲੈਂਡ ਗਏ। ਆਪਣੇ ਸਮੇਂ ਪਹਿਲੇ ਦਰਜੇ ਦੇ ਗ੍ਰੈਜੂਏਟ, ਚੰਗੇ ਅਕਾਊਟੈਂਟ, ਪੰਜਾਬੀ, ਹਿੰਦੀ, ਅੰਗ੍ਰੇਜ਼ੀ, ਉਰਦੂ ਅਤੇ ਥਾਈ ਭਾਸ਼ਾਵਾਂ ਦੇ ਗਿਆਤਾ ਸਨ। ਥਾਈਲੈਂਡ ਜਾ ਕੇ ਕੁਝ ਸਮਾਂ ਡਿੰਗ-ਡੈਂਗ ਦਾ ਕੰਮ ਕੀਤਾ ਪਰ ਛੇਤੀ ਹੀ ਇਸ ਲਈ ਕੰਮ ਛੱਡ ਦਿੱਤਾ ਕਿ ਇਸ ਵਪਾਰ ਵਿਚ ਝੂਠ ਬੋਲਣਾ ਪੈਂਦਾ ਹੈ, ਗਰੀਬਾਂ ਦੀ ਲੁੱਟ ਹੁੰਦੀ ਹੈ, ਜੋ ਗੁਰਮਤਿ ਜੀਵਨ ਜਾਚ ਤੋਂ ਵਿਪਰੀਤ ਮਾਰਗ ਹੈ। ਗਿਆਨੀ ਬਲਵੰਤ ਸਿੰਘ ਦੇ ਪਾਸ ਅਕਾਊਟੈਂਟ ਦੀ ਨੌਕਰੀ ਕ੍ਰੀਬ ਪੈਂਤੀ ਵਰ੍ਹੇ ਕੀਤੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ 1957 ਦੇ ਹੋਲੇ ਮਹੱਲੇ ਸਮੇਂ ਸ੍ਰੀ ਭੈਣੀ ਸਾਹਿਬ, ਆਪ ਦਾ ਅਨੰਦ ਕਾਰਜ ਬੀਬੀ ਮਹਿੰਦਰ ਕੌਰ ਦੀ ਸਪੁੱਤਰੀ ਬੀਬੀ ਮਹਿੰਦਰ ਕੌਰ ਨਾਲ ਹੋਇਆ। ਸੰਤਾਨ ਵਜੋਂ ਆਪ ਦੇ ਗ੍ਰਿਹ ਇਕ ਸਪੁੱਤਰ ਮਹਿਤਾਬ ਸਿੰਘ ਅਤੇ ਚਾਰ ਸਪੁੱਤਰੀਆਂ ਹੋਈਆਂ। ਬੱਚਿਆਂ ਨੂੰ ਚੰਗੀ ਵਿਦਿਆ ਦੇਣ ਲਈ ਆਪ ਨੇ ਦੋ ਅਤੇ ਕਈ ਵਾਰ ਤਿੰਨ ਜਗ੍ਹਾ ਵੀ ਅਕਾਊਟੈਂਟ ਦੀ ਨੌਕਰੀ ਕੀਤੀ। ਵਿਹਾਰ ਦੇ ਏਨੇ ਉੱਚੇ-ਸੁੱਚੇ ਕਿ ਜੇ ਮਾਲਕ ਨੇ ਬੋਨਸ ਵੀ ਦਿੱਤਾ ਤਾਂ ਨਹੀਂ ਲਿਆ ਕਿ ਮੈਂ ਕੰਮ ਦੀ ਤਨਖਾਹ ਲੈਂਦਾ ਹਾਂ, ਬੋਨਸ ਤੇ ਮੇਰਾ ਹੱਕ ਨਹੀਂ।

1974 ਵਿਚ ਬਾਬਾ ਫਰੀਦ ਜੀ ਤੋਂ ਅੰਮ੍ਰਿਤ ਛਕ ਕੇ ਸੋਧ-ਮਰਿਯਾਦਾ ਰੱਖੀ ਜੋ ਜੀਵਨ ਭਰ ਨਿਭਾਈ। ਆਪ ਦੀ ਸੁਪਤਨੀ ਬੀਬੀ ਮਹਿੰਦਰ ਕੌਰ ਨੇ ਵੀ ਆਪ ਦੇ ਪਗ ਚਿੰਨਾਂ ਤੇ ਚਲਦਿਆਂ ਭਜਨ-ਬਾਣੀ, ਸੋਧ ਮਰਿਯਾਦਾ ਅਤੇ ਗੁਰੂ ਘਰ ਦੀ ਸੇਵਾ ਨੂੰ ਹੀ ਆਪਣੇ ਜੀਵਨ ਦਾ ਅਸਲ ਮਨੋਰਥ ਸਮਝਿਆ। ਘਰ ਦੇ ਖਰਚੇ ਪੂਰੇ ਹੋਣ ਜਾਂ ਨਾ ਪਰ ਇਸ ਜੋੜੀ ਨੇ ਆਪਣੀ ਸੁੱਚੀ ਕਿਰਤ-ਕਮਾਈ 'ਚੋਂ ਪੂਰਾ ਦਸਵੰਧ ਜਰੂਰ ਗੁਰੂ ਚਰਨਾਂ ਵਿਚ ਭੇਟ ਕਰਨਾ।

ਗਿਆਨੀ ਜੀ ਦਾ ਅੰਮ੍ਰਿਤ ਵੇਲੇ ਦੋ ਵਜੇ ਦਾ ਇਸ਼ਨਾਨ, ਨਾਮ-ਸਿਮਰਨ, ਗੁਰਬਾਣੀ ਪਾਠ ਦਾ ਨਿਤਨੇਮ ਜੀਵਨ ਭਰ ਨਿਰਵਿਘਨ ਜਾਰੀ ਰਿਹਾ। ਗਿਆਨੀ ਸੰਤੋਖ ਸਿੰਘ ਜੀ ਬਹੁਤ ਖੁਸ਼-ਖਤ ਲਿਖਦੇ ਸਨ। ਆਪ ਨੇ ਸਤਿਗੁਰੂ ਨਾਨਕ ਦੇਵ ਜੀ ਤੋਂ ਸਤਿਗੁਰੂ ਜਗਜੀਤ ਸਿੰਘ ਜੀ ਤੱਕ, ਸਤਿਗੁਰੂ ਸਾਹਿਬਾਨ ਬਾਰੇ ਅਤੇ ਗੁਰਮਤਿ ਬਾਰੇ ਬਹੁਤ ਸੁੰਦਰ ਲਿਖ ਕੇ, ਸੈਂਕੜੇ ਫੋਟੋ ਸਟੇਟ ਕਰਕੇ ਜਿਲ਼ਦਾਂ ਬੰਨ੍ਹ ਕੇ, ਕਿਤਾਬਚੇ ਤਿਆਰ ਕਰਕੇ ਸੰਗਤ ਵਿਚ ਵੰਡਣੇ। ਇਸ ਤਰ੍ਹਾਂ ਜਦੋਂ ਘਰ ਵਿਚ ਖ਼ਜਾਨੇ ਭਰਪੂਰ ਸਨ ਆਪ ਨੇ ਆਪਣਾ ਜੀਵਨ ਗੁਰੂ ਜੱਸ ਲਿਖਕੇ, ਪੰਥਕ ਪਰਚਾਰ ਨੂੰ ਸਮਰਪਿਤ ਕੀਤਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ ਕਿਰਪਾ ਹੋਈ, ਆਪ ਦੇ ਸਪੁਤਰ ਮਹਿਤਾਬ ਸਿੰਘ ਨੇ ਕੱਪੜੇ ਦੇ ਥੋਕ ਦੇ ਵਪਾਰ ਵਿਚ ਬਹੁਤ ਤਰੱਕੀ ਕੀਤੀ।

ਪਿਛਲੇ ਕ੍ਰੀਬ 25-26 ਵਰ੍ਹਿਆਂ ਤੋਂ ਹੀ ਸ੍ਰੀ ਸਤਿਗੁਰੂ ਜੀ ਡੇਰਾ ਆਪ ਦੇ ਗ੍ਰਿਹ ਵਿਖੇ ਹੋਇਆ ਕਰਦਾ ਸੀ ਅਤੇ ਅੱਜ ਕਲ ਵੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਡੇਰਾ ਆਪ ਦੇ ਗ੍ਰਿਹ ਵਿਖੇ ਹੀ ਹੁੰਦਾ ਹੈ। ਬੀਬੀ ਮਹਿੰਦਰ ਕੌਰ ਨੂੰ 1996 ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਨੇ ਸੂਬਾ ਥਾਪਿਆ। ਗਿਆਨੀ ਜੀ ਦਾ ਇਕਲੌਤਾ ਪੁਤਰ ਸੇਠ ਮਹਿਤਾਬ ਸਿੰਘ ਨੂੰਹ ਕੰਵਲਜੀਤ ਕੌਰ ਅਤੇ ਪੋਤਰੇ ਮੰਗਲ ਸਿੰਘ ਅਤੇ ਮਹਿਲ ਸਿੰਘ- ਸਾਰਾ ਪਰਿਵਾਰ ਹੀ ਸਤਿਗੁਰੂ-ਪ੍ਰਤੀ ਪੂਰਵਕ ਸਮਰਪਿਤ ਹਨ। ਆਪਣਾ ਘਰ, ਗੁਰੂ ਕਾ ਘਰ ਅਤੇ ਗੁਰੂ ਕੇ ਸਿੱਖਾਂ ਸਕੇ ਰਿਸ਼ਤੇਦਾਰਾਂ ਨਾਲੋਂ ਵੱਧ ਪ੍ਰੇਮ ਨਾਲ ਸੇਵਾ ਕਰਦੇ ਹਨ

ਦੀਨ ਦਇਆਲ ਭਰੋਸੇ ਤੇਰੇ॥
ਸਭ ਪਰਵਾਰ ਚੜਾਇਆ ਬੇੜੇ॥

-ਗੁਰੂ ਵਾਕ ਸਾਕਾਰ ਹੈ

---

## ਪਿੰਡ ਬੀੜ ਗੁਰੂ ਕਾ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਵਰੋਸਾਈ ਹੋਈ ਧਰਤੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਚਰਨ ਛੁਹ ਪ੍ਰਾਪਤ ਪਿੰਡ ਬੀੜ ਗੁਰੂ ਕਾ ਜਿਲ੍ਹਾ ਫਤਿਹਗੜ੍ਹ ਸਾਹਿਬ ਦਾ ਇਤਿਹਾਸਿਕ ਪਿੰਡ, ਜੋ ਕਿ ਨਾਮਧਾਰੀ ਇਤਿਹਾਸ ਵਿਚ ਮਾਨਯੋਗ ਪਹਿਚਾਨ ਰੱਖਦਾ ਹੈ। ਇਥੇ ਦੀ ਨਾਮਧਾਰੀ ਸਾਧ ਸੰਗਤ ਸ੍ਰੀ ਸਤਿਗੁਰੂ ਜੀ ਦੀ ਬਖਸ਼ਿਸ਼ ਨੂੰ ਮੁਖ ਰੱਖਦੇ ਹੋਏ ਘਰ ਪਰਿਵਾਰਾਂ ਅਤੇ ਫਸਲ ਬਾੜੀ ਦੀ ਸੁੱਖ-ਸ਼ਾਂਤੀ ਲਈ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਪਵਿੱਤਰ ਗੁਰਬਾਣੀ ਦੇ ਅਖੰਡ ਪਾਠ ਕਰਵਾਉਂਦੀ ਹੈ। ਇਸ ਵਾਰੀ ਸਾਧ ਸੰਗਤ ਵਲੋਂ ਅਰਜ਼ ਕਰਨ ਤੇ ਜਪ ਪ੍ਰਯੋਗ ਦੇ ਦਿਨਾਂ ਵਿਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਪਿੰਡ ਬੀੜ ਗੁਰੂ ਕਾ ਵਿਖੇ ਅਖੰਡ ਪਾਠ ਦੇ ਭੋਗ ਤੇ ਦਰਸ਼ਨ ਦੇਣ ਦੀ 5 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਕਿਰਪਾ ਕੀਤੀ। ਸ੍ਰੀ ਭੈਣੀ ਸਾਹਿਬ ਤੋਂ ਆਸਾ ਦੀ ਵਾਰ ਦੇ ਭੋਗ ਤੋਂ ਬਾਅਦ ਚੱਲ ਕੇ 8 ਵਜੇ ਸ੍ਰੀ ਸਤਿਗੁਰੂ ਜੀ ਨਾਮਧਾਰੀ ਧਰਮਸ਼ਾਲਾ ਪਿੰਡ ਬੀੜ ਵਿਖੇ ਦਰਸ਼ਨ ਦਿੱਤੇ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪਵਿੱਤਰ ਗੁਰਬਾਣੀ ਦੇ ਅਖੰਡ ਪਾਠ ਦਾ ਭੋਗ ਪਾਇਆ ਗਿਆ ਅਤੇ ਨਗਰ ਦੀ ਸੁੱਖ-ਸ਼ਾਂਤੀ ਅਤੇ ਫਸਲਬਾੜੀ ਦੀ ਸੁੱਖ-ਸ਼ਾਂਤੀ ਦੀ ਅਰਦਾਸ ਕੀਤੀ ਗਈ। ਇਥੇ ਹੀ ਸ੍ਰੀ ਸਤਿਗੁਰੂ ਜੀ ਨੇ ਨੰਬਰਦਾਰ ਹਰਭਜਨ ਸਿੰਘ ਦੀ ਵਰਕਸ਼ਾਪ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ ਅਤੇ ਰਸਤੇ ਵਿਚ ਹੀ ਸਵਰਗਵਾਸੀ ਬਖਸ਼ੀਸ਼ ਸਿੰਘ ਸਾਬਕਾ ਸਰਪੰਚ ਦੇ ਸਪੁੱਤਰ ਸ੍ਰ. ਕੁਲਵਿੰਦਰ ਸਿੰਘ ਅਤੇ ਸ੍ਰ. ਬਲਕਾਰ ਸਿੰਘ, ਪ੍ਰੇਮ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਵਾਪਸੀ ਸਮੇਂ ਰਸਤੇ ਵਿਚ ਅਮਲੋਹ ਸ਼ਹਿਰ ਵਿਖੇ ਡਾ. ਰਘਬੀਰ ਸ਼ੁਕਲਾ ਦੇ ਹਸਪਤਾਲ ਵਿਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਇਥੋਂ ਹੀ ਵਾਪਸੀ ਖੰਨਾ ਹੁੰਦੇ ਹੋਏ ਸ੍ਰੀ ਭੈਣੀ ਸਾਹਿਬ ਆਣ ਪਧਾਰੇ।

**-ਸੂਬਾ ਬਲਵਿੰਦਰ ਸਿੰਘ ਝੱਲ**



15-10-2018 ਚੰਡੀਗੜ੍ਹ ਬੁੱਢੇ ਦਰਿਆ ਦੀ ਸਫ਼ਾਈ ਸੰਬੰਧੀ ਮੀਟਿੰਗ ਸ੍ਰੀ ਸਤਿਗੁਰੂ ਜੀ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਹੰਸਪਾਲ ਜੀ ਅਤੇ ਹੋਰ ਪਤਵੰਤੇ ਸੱਜਣ।



28-10-2018 ਬੰਕੋਕ, ਸੇਠ ਜੋਗਿੰਦਰਪਾਲ ਸਿੰਘ (ਅਮੋਨ ਪੰਡਤ) ਸੁਪੱਤਰ ਪੰ:ਹਰੀ ਸਿੰਘ ਦੇ ਗ੍ਰਹਿ ਵਿਖੇ ਆਸਾ ਦੀ ਵਾਰ'ਚ ਸ੍ਰੀ ਸਤਿਗੁਰੂ ਜੀ ਦਰਸ਼ਨ ਦਿੰਦੇ ਹੋਏ।



ਬੰਕੋਕ (ਥਾਈਲੈਂਡ)- ਗੁਰਦੁਆਰਾ ਸੁਆਇ ਅਸ਼ੋਕ ਵਿਚ ਸ੍ਰੀ ਸਤਿਗੁਰੂ ਜੀ ਦਰਸ਼ਨ ਦਿੰਦੇ ਹੋਏ।



1-11-2018 ਬੰਕੋਕ ਡੇਰੇ, ਆਸਾ ਦੀ ਵਾਰ ਉਪਰੰਤ ਸ੍ਰੀ ਸਤਿਗੁਰੂ ਜੀ ਉਪਦੇਸ਼ ਦਿੰਦੇ ਹੋਏ।





ਅਕਤੂਬਰ 2018-ਰਾਮਪੁਰਾ ਫੂਲ (ਬਠਿੰਡਾ) ਨਾਮ ਸਿਮਰਨ ਜਪ ਪ੍ਰਯੋਗ ਵਿੱਚ ਸ਼ਾਮਲ ਸਾਧ-ਸੰਗਤ।

Date of Publication:14-11-2018,
Date of Posting: 15-16 Nov.2018

RNI NO. 55658/93 Delhi Postal Regd. No. DL(W) 01/2055/18-20

# ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ..


ਪ੍ਰਕਾਸ਼- ਪੁਰਬ ਸ਼ਤਾਬਦੀ ਮੇਲਾ
ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦਾ
550 ਵਾਂ ਪ੍ਰਕਾਸ਼-ਪੁਰਬ ਮੇਲਾ

ਅਤੇ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਦਾ
98 ਵਾਂ ਪ੍ਰਕਾਸ਼ ਪੁਰਬ ਮੇਲਾ



ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ
ਛਤਰ ਛਾਇਆ ਹੇਠ
23 ਨਵੰਬਰ 2018 ਈ: ਸ਼ੁੱਕਰਵਾਰ ਨੂੰ
ਸ੍ਰੀ ਭੈਣੀ ਸਾਹਿਬ ਮਨਾਇਆ ਜਾ ਰਿਹਾ ਹੈ।



ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮੇਲਾ 21-22 ਨਵੰਬਰ 2018 ਸੁਹੇਵਾ ਸਾਹਿਬ ਅਤੇ 22 ਨਵੰਬਰ ਬਾਅਦ ਦੁਪਹਿਰ ਵਡ-ਤੀਰਥ (ਹਰੀਪੁਰ) ਅਤੇ 25 ਨਵੰਬਰ ਨੂੰ ਨਾਮਧਾਰੀ ਸ਼ਹੀਦੀ ਮੇਲਾ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ; ਉਪਰੋਕਤ ਮੇਲੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮਨਾਏ ਜਾਣਗੇ।




Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.